੧ੴ ਵਾਹਿਗੁਰੂ ਜੀ ਕੀ ਫ਼ਤਹ ॥

ਮਾਸਿਕ ਪੱਤਰ

# ਸੂਰਾ

ਲੁਧਿਆਣਾ

ਦਸੰਬਰ 1999

# SURA

## Monthly

Ludhiana

DEC. 1999

ਲੱਖੀ ਸ਼ਾਹ ਵਣਜਾਰਾ ਦੇ ਗੁਰੂ ਸਤਿਕਾਰ ਦੀ ਅਦੁੱਤੀ ਨਿਸ਼ਾਨੀ



ਗੁਰਦੁਆਰਾ ਰਕਾਬ ਗੰਜ ਸਾਹਿਬ, ਦਿੱਲੀ

www.AKJ.org

# ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥



ਸ਼ਹੀਦੀ ਅਸਥਾਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ



ਅੰਗੀਠਾ ਅਸਥਾਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

# ਸੂਰਾ

## ਮਾਸਿਕ ਪੱਤਰ

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

*** Read SURA at Internet : www.surainternational.com ***

ਜਿਲਦ ੩੩ ਦਸੰਬਰ ੧੯੯੯ ਅੰਕ ੧੨

**ਗੁਰਪੁਰਬ ਤੇ ਇਤਿਹਾਸਕ ਦਿਹਾੜੇ**

(ਨਾਨਕਸ਼ਾਹੀ ਕਲੰਡਰ ਅਨੁਸਾਰ)

| | |
|---|---|
| ਸ਼ਹੀਦੀ ਦਿਨ ਬਾਬਾ ਗੁਰਬਖਸ਼ ਸਿੰਘ ਜੀ | ੧੭ ਦਸੰਬਰ |
| ਸ਼ਹੀਦੀ ਦਿਨ ਬਾਬਾ ਜੀਵਨ ਸਿੰਘ ਜੀ | ੨੧ ਦਸੰਬਰ |
| ਸ਼ਹੀਦੀ ਵੱਡੇ ਸਾਹਿਬਜਾਦੇ (ਜੋੜ ਮੇਲਾ ਚਮਕੌਰ ਸਾਹਿਬ) | ੨੧ ਦਸੰਬਰ |
| ਸ਼ਹੀਦੀ ਛੋਟੇ ਸਾਹਿਬਜਾਦੇ (ਜੋੜ ਮੇਲਾ ਫਤਹਿਗੜ੍ਹ ਸਾਹਿਬ) | ੨੭ ਦਸੰਬਰ |

**ਚੰਦਿਆਂ ਦਾ ਵੇਰਵਾ**

| | | |
|---|---|---|
| ਦੇਸ਼ ਸਾਲਾਨਾ | | 40 ਰੁ: |
| ਅਮਾਨਤੀ ਲਾਈਫ਼ ਮੈਂਬਰ | | 400ਰੁ: |
| ਵਿਦੇਸ | ਸਮੁੰਦਰੀ ਡਾਕ | ਹਵਾਈ ਡਾਕ |
| ਸਾਲਾਨਾ | 140ਰੁ: | 400ਰੁ: |
| ਅਮਾਨਤੀ ਲਾਈਫ਼ ਮੈਂਬਰ | 1400ਰ: | 4000ਰੁ: |

**ਚੰਦਾ ਭੇਜਣ ਦਾ ਪਤਾ**

ਸੂਰਾ ਮਾਸਿਕ ਪੱਤਰ ਗੁ: ਸਿੰਘ ਸਭਾ
ਮਾਡਲ ਟਾਊਨ, ਲੁਧਿਆਣਾ-141002
Tel : 0161-428194
Fax : 0161-536340, 532147

ਸੂਰਾ ਪੱਤਰ ਵਿਚ ਛਪੇ ਵਿਚਾਰਾਂ ਨਾਲ ਸੂਰਾ ਪਰਿਵਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਟਾਈਟਲ ਡਿਜ਼ਾਈਨ : ਜਸਬੀਰ ਸਿੰਘ ਲੁਧਿਆਣਾ

ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ਼ (ਇੰਡੀਆ)
ਡੀ-93, ਬਲਾਕ-16, ਪਾਹਵਾ ਰੋਡ, ਲੁਧਿਆਣਾ 141 003

## ਤਤਕਰਾ

○ ਪ੍ਰੇਮ ਸੁਨੇਹੜਾ ........ ੨
○ ਧਾਰਮਿਕ ਏਕਤਾ ਦੇ ਪ੍ਰਤੀਕ ਗੁਰੂ ਤੇਗ ਬਹਾਦਰ ਜੀ ........ ੪
○ ਖਾਲਸਾ(ਕਵਿਤਾ) ........ ੫
○ ਕੀਨਾ ਅਪਨਾਇਆ ........ ੬
○ ਕਲਗੀਧਰ ਨੇ ਹਿੰਦ ਬਚਾਈ (ਕਵਿਤਾ) ........ ੯
○ ਹਰ ਇਨਸਾਨ ਰੋਇਆ(ਕਵਿਤਾ) ........ ੧੦
○ ਧੰਨ ਧੰਨ ਸਤਿਗੁਰੂ ਜੀ (ਕਵਿਤਾ) ........ ੧੧
○ ਨੰਨੀਆਂ ਜਿੰਦਾਂ ਦੀ ਅਦੁੱਤੀ ਸ਼ਹਾਦਤ ........ ੧੨
○ ਸਿੱਖੀ ਵਿਚ ਜਾਤ ਪਾਤ ........ ੧੪
○ ਸਿੱਖ ਲੋਕ ਕੁੜੀ ਮਾਰ ਬਣ ਰਹੇ ਹਨ ........ ੧੮
○ ਵਿਸਮਾਦੁ ਪਉਣ ਵਿਸਮਾਦੁ ਪਾਣੀ ........ ੧੯
○ ਮੈਨੂੰ ਜਵਾਬ ਦੇਣਾ ਔਖਾ ਸੀ ........ ੨੦
○ ਕੁਰਸੀ(ਕਵਿਤਾ) ........ ੨੨
○ ਤੰਬਾਕੂ ਨੋਸ਼ੀ ਤੇ ਪਾਬੰਦੀ ਜ਼ਰੂਰੀ ........ ੨੩
○ ਨਿਹਕਲੰਕ ਅਵਤਾਰ ਗੁਰੂ(ਕਵਿਤਾ) ........ ੨੫
○ ਗੁਰਦੁਆਰਾ ਐਕਟ ਵਿਚ ਸੋਧਾਂ ਬਾਰੇ ਜਾਣਕਾਰੀ(੨) ........ ੨੬
○ ਸਲੋਕ ਭਗਤ ਕਬੀਰ ਜੀ (Translation) ........ ੩੧
○ ਕਰਮ ਫਿਲਾਸਫ਼ੀ ........ ੩੩
○ ਅਦਾਰਾ ਵਿਰਾਸਤ ਵਲੋਂ ਅਪੀਲ ........ ੩੬
○ ਸੇਵਾਦਾਰਾ ਦੀ ਸੂਚੀ ........ ੩੭
○ ਰਿਸ਼ਤੇ ਨਾਤੇ ........ ੩੮
○ ਆਉਣ ਵਾਲੇ ਕੀਰਤਨ ਸਮਾਗਮ ........ ੩੯-੪੦

ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।



www.AKJ.Org

# ਪ੍ਰੇਮ ਸੁਨੇਹੜਾ

(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਨਧੀਰ ਸਿੰਘ ਜੀ)

ਪ੍ਰੇਮ ਦੇ ਰੰਗ ਵਿਚ ਰਤੜੇ 'ਰਾਗ ਰੰਗੀਲੜੇ' ਸਿਖਾਂ ਸਜਣਾ ਦੇ ਪਰਸਪਰ ਪ੍ਰੇਮ ਦੇ ਹੁਲਾਸ, ਅਤੇ ਨਾਇ-ਰਸੀਅੜੇ ਮਧੁਰ ਮਿਠ-ਬੋਲੜੇ ਪ੍ਰੇਮੀ ਜਨਾਂ ਦੇ ਪ੍ਰੇਮ-ਬਿਲਾਸ ਜੇ ਪ੍ਰੇਮਾ ਭਗਤੀ ਨਹੀਂ ਤਾਂ ਪ੍ਰੇਮ-ਕਹਾਣੀਆਂ ਤਾਂ ਜ਼ਰੂਰ ਹਨ। ਇਹਨਾਂ ਪ੍ਰੇਮ-ਕਹਾਣੀਆ ਦਾ ਕਹਿਣਾ ਕੀ ਹੈ ? ਪ੍ਰੇਮ ਦਾ ਗਹਿਣਾ ਪਹਿਰਨਾ ਹੈ। ਚਾਉ-ਚਈਲੀ ਅਤੇ ਰਸ-ਰਸੀਲੀ ਪ੍ਰੇਮ ਦੀ ਧੁਨੀ ਵਿਚ ਮਧੁਰ ਮਧੁਰ ਪ੍ਰੇਮ ਦੇ ਪੁਹਾਰੇ ਫੁਟ ਕੇ ਜਦ ਕਦੀ ਕਿ ਪ੍ਰੇਮੀਆਂ ਦੀ ਚਲੂਲੇ ਰੰਗਾਂ ਦੀ ਮਸਤ ਦਸ਼ਾ ਹੁੰਦੀ ਹੈ। ਉਸ ਨੂੰ ਦੇਖ ਕੇ ਦੇਖਣਹਾਰਾ ਅਜਿਹਾ ਕੋਈ ਨਹੀਂ ਹੁੰਦਾ ਹੋਵੇਗਾ ਜਿਸ ਦਾ ਹਿਰਦਾ ਅਨੰਦਤ ਨਾ ਹੁੰਦਾ ਹੋਵੇ। ਕੀਰਤਨ-ਮੰਡਲ ਵਿਚ ਪ੍ਰੇਮੀਆਂ ਦੇ ਪਰਸਪਰ ਜੁੜ ਜਾਣ ਦਾ ਸਮਾਗਮ, ਜਦ ਕਦੀ ਕਿ ਗੁਰੂ ਪ੍ਰੇਰਨਾ ਅਨੁਸਾਰ ਬਝਦਾ ਹੈ, ਉਸ ਦਾ ਵਰਨਣ ਹੋਣਾ ਅਤੀਅੰਤ ਅਲੌਕਿਕ ਗੱਲ ਹੈ :-

ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥੧੨੧॥ ਸਲੋਕ ਕਬੀਰ ਜੀ, ਪੰਨਾ ੧੩੭੦

ਵਾਲਾ ਗੁਰਪ੍ਰਮਾਣ ਏਥੇ ਘਟ ਜਾਏ ਤਾਂ ਭੀ ਅਸਚਰਜ ਨਹੀਂ। ਕੀਰਤਨੀ ਸਜਣਾਂ ਦੇ ਚੇਹਰਿਆਂ ਉਪਰ ਚੜ੍ਹੇ ਰੱਬੀ ਨੂਰ ਦੀ ਝਲਕਾਰ ਅਤੇ ਨਾਮ ਮਹਾਂ ਰਸ ਵਿਚ ਮਗਨ ਹੋਏ ਮਰਜੀਵੜਿਆਂ ਦੇ ਅੰਮ੍ਰਿਤ-ਭਿੰਨੇ ਲੋਇਣਾਂ ਦੀ ਤਾਰ ਅਤੇ ਪ੍ਰੇਮ ਦੀ ਲਹਿਰ ਵਿਚ ਨਿਮਗਨ ਹੋਏ ਅਭਿਆਸੀਆਂ ਦੀ ਅਕਲ-ਬਿਕਲੀ ਦਸ਼ਾ ਵਾਲੀ ਲੋਟ-ਪੋਟੀ ਹੁਲਾਰ ਇਹੋ ਗੁਰ-ਲੋਰੀ ਮੂੰਹੋਂ ਕਢਾਉਂਦੀ ਹੈ ਕਿ :-

ਹਰਿ ਅਮਿਉ ਰਸਾਇਣੁ ਪੀਵੀਐ॥ ਮੁਹਿ ਡਿਠੈ ਜਨ ਕੈ ਜੀਵੀਐ......॥੪॥(੮॥੪॥੩੮)

ਮਾਝ ਮ: ੫ ਘਰੁ੨, ਪੰਨਾ ੧੩੨

ਨਾਮ ਦੀ ਪ੍ਰਮਾਰਥੀ ਚਮਕ ਨਾਲ ਚਮਕੀਲੇ ਕਉਤਕੀ ਚੇਹਰਿਆਂ ਉਤੇ ਹਰਿ ਰਸ ਟੂਲ ਟੂਲ ਪਉਂਦਾ ਪੇਖ ਕੇ ਸਹਿਜ ਸਮਾਧਿ ਦਾ ਸੱਚਾਵਾ ਅਰਥ ਸਮਝ ਵਿਚ ਆਉਂਦਾ ਹੈ। ਬਿਰਹੋਂ-ਬੇਧੇ ਹੀਅੜਿਆਂ ਵਿਚੋਂ ਲਿਕਸੇ ਪ੍ਰੇਮ ਦੇ ਤੀਰ, ਸਰੋਤੇ ਜਨਾਂ ਦੇ ਸੀਨਿਆਂ ਅੰਦਰ ਸਾਂਗ ਖੜੀ ਕਰਾਵੰਦੇ ਹਨ ਅਤੇ ਰੰਗ-ਰਤੜੀ ਦਸ਼ਾ ਦੇ ਕਉਤਕੀ ਕਟਾਖਸ਼, ਅਜਿਹੇ ਪ੍ਰੇਮ ਦੇ ਚਾਬਕ ਕਸ ਕਸ ਕੇ ਲਗਾਉਂਦੇ ਹਨ ਕਿ ਬਿਹਬਲ ਕੀਤੇ ਬਿਨਾਂ ਨਹੀਂ ਛਡਦੇ। ਇਹ ਸਾਰੇ ਚਮਤਕਾਰੀ ਕ੍ਰਿਸ਼ਮੇ ਕੋਈ ਮਿਣ ਮਿਥ ਕੇ ਨਹੀਂ ਖੇਡੇ ਜਾਂਦੇ, ਸਤਿਸੰਗ-ਮੰਡਲ ਦੇ ਇਹ ਸੁਤੇ-ਸੁਭਾਵੀ ਚੋਜ ਹਨ।

ਹਰਿ-ਕੀਰਤਨ ਵਿਚ ਜੁੜੇ ਹਰਿਨਾਮੇ ਕੇ ਜੋੜੀ ਗੁਰਮੁਖ ਜਨਾਂ ਦੇ ਅਨੰਦ ਹੁਲਾਸ ਦੀ ਇਹ ਗੋਝ ਕਥਾ ਹੈ। ਇਸ ਦਾ ਜਾਣੂ ਪਛਾਣੂ ਕੇਵਲ ਓਹੋ ਵਡਭਾਗਾ ਜਨ ਹੋ ਸਕਦਾ ਹੈ ਜਿਸ ਨੂੰ ਪੂਰਬ ਕਰਮਾਂ ਦੇ ਪਰਭਾਵ ਕਰਕੇ ਅਜਿਹੇ ਸਤਿਸੰਗ ਦੀ ਸਮੀਪਤਾ ਦਾ ਸ਼ੁਭ ਸਮਾਗਮ, ਅਰਥਾਤ ਅਵਸਰ ਪ੍ਰਾਪਤ ਹੋਇਆ ਹੋਵੇ, ਜੈਸਾ ਕਿ ਗੁਰਵਾਕ ਹੈ :-

ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਿਣਾ॥੮॥

(੧॥੩) ਸੋਰਠਿ ਮ: ੫ ਅਸ਼ਟ, ਪੰਨਾ ੬੪੨

ਅਜਿਹੇ ਅਖੰਡ ਸਤਿਸੰਗ ਅਤੇ ਅਖੰਡ ਕੀਰਤਨ ਦੇ ਸਮਾਗਮਾਂ ਤੋਂ ਵਿਛੜੇ ਦਰਸ-ਵੈਰਾਗੀ ਵੀਰਾਂ ਦੇ ਬਿਰਹੜੇ ਦੇਸ ਬਦੇਸੀਅੜੇ ਸਜਣਾਂ ਨੂੰ ਦੂਰ ਬੈਠੇ ਹੀ ਚੁੰਭਕ ਤਾਰਾਂ ਪੁਚਾ ਕੇ, ਇਕ ਦੂਜੇ ਨੂੰ ਟੁੰਬ ਕੇ ਮਿਲਣ ਲਈ ਬੁਲਾ ਲੈਂਦੇ ਹਨ। ਗੱਲ ਕੀ, ਬਿਰਹਾ ਵਿਜੋਗ ਅਤੇ ਸਉਣ ਸੰਜੋਗ ਓਤ ਪੋਤ ਹੋ ਕੇ ਇਕ-ਤਾਰੀ ਅਕੱਥ ਕਹਾਣੀ ਬਣਾ ਦੇਂਦੇ ਹਨ।

ਪ੍ਰੇਮ-ਮਾਰਗ ਦੇ ਪਾਂਧੀਆਂ ਦੇ ਪਰਸਪਰ ਮਿਲਣ ਦੇ ਪ੍ਰੇਮ-ਸਮਾਗਮਾਂ ਅੰਦਰ ਜੈਸੀ ਜੁੜਵੀਂ ਸਿੱਕ "ਇਕ ਪਿਆਰੇ" ਦੇ ਮਿਲਣ ਦੀ ਹੈ, ਤੈਸੀ ਹੀ ਬਿਰਹੋਂ- ਬੈਰਾਗੀਆਂ ਦੇ ਪਰਸਪਰ ਬਹੁੜ ਮਿਲ ਬੈਠਣ ਤੇ ਗਲ ਮਿਲਣ ਦੀ ਤਾਂਘ ਹੈ। ਸਮੂਹ ਹਾਲਤਾਂ ਵਿਚ ਸਮੁੱਚਾ "ਪ੍ਰੇਮ ਸੁਨੇਹੜਾ" ਸ਼ਬਦ ਦੀ ਇਸ ਧੁਨਕਾਰ ਉਠਾਉਂਦਾ ਹੈ :-

ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਦੀ॥
ਸਾਰਿ ਸਮਾਲੇ ਤਿਨ ਸਜਣਾ ਮੁੰਧ ਨੈਣ ਭਰੇਦੀ॥
ਮੁੰਧ ਨੈਣ ਭਰੇਦੀ ਗੁਣ ਸਾਰੇਦੀ ਕਿਉ ਪ੍ਰਭ ਮਿਲਾ ਪਿਆਰੇ॥



www.AKJ.Org

ਮਾਰਗੁ ਪੰਥੁ ਨ ਜਾਣਉ ਵਿਖੜਾ ਕਿਉ ਪਾਈਐ ਪਿਰੁ ਪਾਰੇ॥
ਸਤਿਗੁਰ ਸਬਦੀ ਮਿਲੈ ਵਿਛੁੰਨੀ ਤਨੁ ਮਨੁ ਆਗੈ ਰਾਖੈ॥
ਨਾਨਕ ਅੰਮ੍ਰਿਤ ਬਿਰਖੁ ਮਹਾ ਰਸ ਫਲਿਆ ਮਿਲਿ ਪ੍ਰੀਤਮ ਰਸੁ ਚਾਖੈ॥੩॥

(੪॥੪) ਤੁਖਾਰੀ ਮ: ੧, ਪੰਨਾ ੧੧੧੧

ਜਦ ਦੂਰ ਬੈਠੇ ਪ੍ਰੇਮ-ਸਨੇਹੀ ਪ੍ਰੇਮ-ਬੈਰਾਗੀ ਸਜਣਾਂ ਦੇ ਪ੍ਰੇਮ-ਸੰਦੇਸੇ ਕੇਵਲ ਪ੍ਰੇਮ ਦੀ ਤਾਰ ਦੁਹਾਰਾ ਹੀ ਇਕ ਦੂਜੇ ਪਾਸ ਪੁੱਜ ਪੈਣ ਤਦ ਨਿਕਟਵਰਤੀ, ਘਟ ਘਟ ਵਾਸੀ, ਨੇੜੇ ਹੂੰ ਤੇ ਨੇੜੇ ਵਸਣ ਵਾਲੇ ਸਜਣ ਪ੍ਰਤੀ ਪਹੁੰਨਿਆ 'ਪ੍ਰੇਮ ਸੁਨੇਹੜਾ' ਪੁੱਜ ਪੈਣ ਵਿਚ ਤਾਂ ਫੇਰਾ ਨਹੀਂ ਲਗ ਸਕਦਾ, ਕਿਉਂਕਿ ਉਹ ਸਾਜਨ ਤਾਂ ਅਜਿਹਾ ਜਾਨੀਅੜਾ ਸਾਜਨ ਹੈ। ਯਥਾ ਗੁਰਵਾਕ :-

ਸਾਜਨੜਾ ਮੇਰਾ ਸਾਜਨੜਾ ਨਿਕਟਿ ਖਲੋਇਅੜਾ ਮੇਰਾ ਸਾਜਨੜਾ॥
ਜਾਨੀਅੜਾ ਹਰਿ ਜਾਨੀਅੜਾ ਨੈਣ ਅਲੋਇਅੜਾ ਹਰਿ ਜਾਨੀਅੜਾ॥
ਨੈਣ ਅਲੋਇਆ ਘਟਿ ਘਟਿ ਸੋਇਆ ਅਤਿ ਅੰਮ੍ਰਿਤ ਪ੍ਰਿਅ ਗੂੜਾ॥
ਨਾਲਿ ਹੋਵੰਦਾ ਲਹਿ ਨ ਸਕੰਦਾ ਸੁਆਉ ਨ ਜਾਣੈ ਮੂੜਾ॥
ਮਾਇਆ ਮਦਿ ਮਾਤਾ ਹੋਛੀ ਬਾਤਾ ਮਿਲਣੁ ਨ ਜਾਈ ਭਰਮਧੜਾ॥
ਕਹੁ ਨਾਨਕ ਗੁਰ ਬਿਨੁ ਨਾਹੀ ਸੂਝੈ ਹਰਿ ਸਾਜਨੁ ਸਭ ਕੈ ਨਿਕਟਿ ਖੜਾ॥੧॥

(੪॥੧) ਰਾਮਕਲੀ ਮ: ੫ ਛੰਤ, ਪੰਨਾ ੯੨੪)

ਨੈਣ ਅਲੋਇਆ, ਨਿਕਟਿ ਖਲੋਇਆ ਅਤੇ ਘਟਿ ਘਟਿ ਸੋਹਿਆ ਸਾਜਣ ਦੇਸ ਬਦੇਸੀਅੜਾ ਕਿਉਂ ਬਣਿਆ ? ਅਤੇ ਸਾਨੇਹੜੇ ਦੇਣ ਦੀ ਲੋੜ ਤਿਸੁ ਸਾਜਨ ਨੂੰ ਕਿਉਂ ਪਈ ? ਏਸ ਬੁਝਾਰਤ ਦਾ ਬੁਝਣਾ ਪ੍ਰੇਮ-ਸਨੇਹੀ ਭੇਦਾ ਦੇ ਜਾਨਣਹਾਰੇ ਪਾਸੋਂ ਹੀ ਹੋ ਸਕਦਾ ਹੈ। ਪ੍ਰਿਉ ਪ੍ਰਿਉ ਉਚਾਰਨਹਾਰੇ ਬੰਬੀਹੇ ਬਾਬੀਹੇ ਦੀਆਂ ਕੋਕਲ-ਬਾਣੀਆਂ, ਬਾਬੀਹੇ ਦੇ ਬਿਗਸਣ ਅਤੇ ਬਿਲਲਾਉਣ ਅੰਦਰ ਇਕ-ਤਾਰ ਹੀ ਹੁੰਦੀਆਂ ਹਨ। ਸੋਈ ਅੱਖੀਆਂ ਹਰਿ ਹਰਿ ਨਾਮ ਨੂੰ ਪੇਖਣਹਾਰੀਆਂ ਪ੍ਰੇਮ-ਰੰਗ ਨੂੰ ਪੇਖਦੀਆਂ, ਪ੍ਰੇਮ ਨਾਲ ਕਸਾਈਆਂ ਜਾਂਦੀਆਂ ਹਨ ਅਤੇ ਸੋਈ ਅੱਖੜੀਆਂ ਜਾਨ. ਦੇ ਪ੍ਰੇਮ-ਸੰਦੇਸੇ ਦੀ ਸਿਕ ਵਿਚ ਆਸ-ਉਡੀਣੀਆਂ ਇਕ-ਟਕ ਤਾਰ ਵਿਚ ਲਗ ਕੇ ਪ੍ਰੇਮ ਨਾਲ ਪ੍ਰੋਤੀਆਂ ਜਾਂਦੀਆਂ ਹਨ :-

"ਅਖੀ ਪ੍ਰੇਖਿ ਕਸਾਈਆਂ ਹਰਿ ਹਰਿ ਨਾਮੁ ਪਿਖੰਨਿ"* ਵਾਲੇ ਗੁਰਵਾਕ ਦੇ ਭਾਵ ਦੀ ਦਸ਼ਾ :-

ਸੁਣਿ ਸਾਜਨ ਪ੍ਰੇਮ ਸੰਦੇਸਰਾ ਅਖੀ ਤਾਰ ਲਗੰਨਿ॥
ਗੁਰਿ ਤੁਠੈ ਸਜਣੁ ਮੇਲਿਆ ਜਨ ਨਾਨਕ ਸੁਖਿ ਸਵੰਨਿ॥੧॥(੫)

ਸਲੋਕ ਮ: ੪, ਵਾਰ ਗਉੜੀ, ਪੰਨਾ ੩੦੨

ਵਾਲੇ ਭਾਵ ਵਿਚ ਇਕ-ਮਿਕ ਹੋ ਕੇ ਲੀਨ ਹੋ ਜਾਂਦੀ ਹੈ। ਪ੍ਰਿੰਮ ਦੀ ਪੀਰ ਦੇ ਬੇਧੇ ਪ੍ਰੇਮ-ਸੰਜੋਗੀਆਂ, ਹਰਿ-ਕੀਰਤਨ ਦੇ ਅਹਾਰੀਆਂ, ਨਾਮ ਮਹਾ ਰਸ ਦੇ ਮੁਸ਼ਤਾਕ ਭਵਰਿਆਂ ਦੇ ਪਰਸਪਰ ਜੁੜਨ ਦੀ ਸੁਹਾਵੜੀ ਰੁਤ ਆਈ ਦੇਖ ਕੇ ਅਜਿਹਾ ਪ੍ਰੇਮ ਸੁਨੇਹੜਾ' ਹੁਣ ਫੇਰ ਪਠਾ ਭੇਜਣਾ ਐਨ ਸਮੇਂ ਅਨੁਸਾਰ ਹੀ ਹੋਵੇਗਾ:-

ਆਉ ਜੀ ਤੂ ਆਉ ਹਮਾਰੈ ਹਰਿ ਜਸੁ ਸ੍ਰਵਨ ਸੁਨਾਵਨਾ॥੧॥ ਰਹਾਉ॥
ਤੁਧੁ ਆਵਤ ਮੇਰਾ ਮਨੁ ਤਨੁ ਹਰਿਆ ਹਰਿ ਜਸੁ ਤੁਮ ਸੰਗਿ ਗਾਵਨਾ॥੧॥
ਸੰਤ ਕ੍ਰਿਪਾ ਤੇ ਹਿਰਦੈ ਵਾਸੈ ਦੂਜਾ ਭਾਉ ਮਿਟਾਵਨਾ॥੨॥
ਭਗਤ ਦਇਆ ਤੇ ਬੁਧਿ ਪਰਗਾਸੈ ਦੁਰਮਤਿ ਦੂਖ ਤਜਾਵਨਾ॥੩॥
ਦਰਸਨੁ ਭੇਟਤ ਹੋਤ ਪੁਨੀਤਾ ਪੁਨਰਪਿ ਗਰਭਿ ਨ ਪਾਵਨਾ॥੪॥
ਨਉ ਨਿਧਿ ਰਿਧਿ ਸਿਧਿ ਪਾਈ ਜੋ ਤੁਮਰੈ ਮਨਿ ਭਾਵਨਾ॥੫॥
ਸੰਤ ਬਿਨਾ ਮੈ ਥਾਉ ਨ ਕੋਈ ਅਵਰ ਨ ਸੂਝੈ ਜਾਵਨਾ॥੬॥
ਮੋਹਿ ਨਿਰਗੁਨ ਕਉ ਕੋਇ ਨ ਰਾਖੈ ਸੰਤਾ ਸੰਗਿ ਸਮਾਵਨਾ॥੭॥
ਕਹੁ ਨਾਨਕ ਗੁਰਿ ਚਲਤੁ ਦਿਖਾਇਆ ਮਨ ਮਧੇ ਹਰਿ ਹਰਿ ਰਾਵਨਾ॥੮॥੨॥੫॥

ਮਾਰੂ ਮਹਲਾ ੫, ਪੰਨਾ ੧੦੧੮

---

*ਮ: ੪, ਵਾਰ ਕਾਨੜਾ॥੨॥ (੧੩), ਪੰਨਾ ੧੩੧੮



www.AKJ.Org

# ਧਾਰਮਿਕ ਏਕਤਾ ਦੇ ਪ੍ਰਤੀਕ : ਗੁਰੂ ਤੇਗ ਬਹਾਦਰ ਜੀ

(ਸ: ਸੁਰਜੀਤ ਸਿੰਘ ਜੀ)

ਸੰਸਾਰੀ ਪੁਰਸ਼ਾ ਵਾਂਗ, ਰੱਬ-ਰੂਪ ਆਤਮਾਵਾਂ ਵਿਚ ਵੀ ਵਡਿਤਣ ਦੀ ਵਿਸ਼ੇਸ਼ ਨਿਸ਼ਾਨੀ ਵਜੋਂ 'ਸਨੇਹ-ਭਾਵ' ਇਕ ਉਘੜਵਾਂ ਅੰਗ ਹੈ। ਕ੍ਰਿਸ਼ਨ ਜੀ ਨੂੰ ਗਰੀਬ ਸੁਦਾਮੇ ਦਾ ਸਖਾ, ਕਰਕੇ ਯਾਦ ਕੀਤਾ ਜਾਂਦਾ ਹੈ। ਮਿਤਰਾਂ ਦੇ ਔਗੁਣ ਨੂੰ ਅਖੋਂ ਉਹਲੇ ਕਰਕੇ ਮਿਤਰਾਂ ਦੇ ਗੁਣਾਂ ਨਾਲ ਸਾਂਝ ਜੋੜਨੀ ਇਕ ਅਵਤਾਰੀ ਗੁਣ ਹੈ। ਸੰਪੂਰਨ ਆਤਮਾਵਾਂ ਦਾ ਕਰਮ, ਕਿਸੇ ਦੇ ਸੁਹਜ ਗੁਣਾਂ ਨੂੰ, ਰਾਜਹੰਸ ਵਾਂਗ ਕਚੀ ਲਸੀ 'ਚੋਂ ਦੁਧ ਨੂੰ ਨਿਤਾਰ ਲੈਣ ਵਾਂਗ ਹੁੰਦਾ ਹੈ :-

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ।
ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ।
ਸਾਝ ਕਰੀਜੈ ਗੁਣਹ ਕੇਰੀ, ਛੋਡਿ ਅਗਵਣ ਚਲੀਐ। (ਰਾਗ ਸੂਹੀ ਛੰਤ ਮ: ੧ ਪੰਨਾ ੭੬੫)

ਗੁਰੂ ਤੇਗ ਬਹਾਦਰ ਜੀ ਨੂੰ ਆਪਣੀ ਸ਼ਰਧਾਂਜਲੀ ਵਜੋਂ ਇਹ ਅੱਖਰ ਅਰਪਣ ਕੀਤੇ :-

'ਬਾਂਹਿ ਜਿਨਾਂ ਦੀ ਪਕੜੀਏ ਸਿਰ ਦੀਜੈ ਬਾਂਹਿ ਨ ਛੋੜੀਏ

ਸਤਿਗੁਰੂ ਜੀ ਦੇ ਇਸੇ ਗੁਣ ਨੂੰ ਸਨਮੁਖ ਰਖਦਿਆਂ, ਕਸ਼ਮੀਰੀ ਪੰਡਤਾਂ ਨੇ ਬੇਨਤੀ ਵਜੋਂ ਕੂਕ ਕੂਕ ਕੇ ਆਖਿਆ ਸੀ :-

'ਦੁਖੀਏ ਬਿਪਰ ਜੁ ਚਲਕੇ ਆਏ ਪੁਰੀ ਅਨੰਦ।
ਬਾਂਹਿ ਅਸਾਡੀ ਪਕੜੀਏ ਗੁਰ ਹਰਿਗੋਬਿੰਦ ਕੇ ਚੰਦ ।੩੩।'

(ਸ਼ਹੀਦ ਬਿਲਾਸ ਭਾਈ ਮਨੀ ਸਿੰਘ ਜੀ)

ਉਦਾਹਰਣ ਵਜੋਂ, ਗੁਰੂ ਤੇਗ਼ ਬਹਾਦਰ ਜੀ ਨੇ ਦੁਖੀਆਂ ਦੀ ਬਾਂਹ ਕੀ ਪਕੜੀ ਕਿ ਸਿਰ ਦੇ ਕੇ ਵੀ ਫਿਰ ਬਾਂਹ ਛਡਣ ਦਾ ਨਾਂ ਨਹੀਂ ਲਿਆ।

ਭਾਈ ਦਿਆਲਾ ਦਾਸ ਨਾਲ ਸਤਿਗਰੂ ਦਾ ਸਨੇਹ, ਮਿਤਰਤਾ ਭਰੂਪਰ ਸੀ। ਸੰਗਤ ਪਟਨੇ ਦੇ ਨਾਂ ਆਪਣੇ ਇਕ ਹੁਕਮਨਾਮੇ ਵਿਚ ਫੁਰਮਾਉਂਦੇ ਹਨ :-

'ਸੰਗਤ ਕੀ ਸੇਵਾ ਕਾ ਵੇਲਾ ਹੈ...
ਭਾਈ ਦਿਆਲ ਦਾਸ ਕਹੇ, ਸੰਗਤ ਗੁਰੂ ਦਾ ਹੁਕਮ ਕਰ ਮੰਨਣਾ....'

ਅਤੇ ਭਾਈ ਦਿਆਲ ਦਾਸ ਨੇ ਵੀ ਸਤਿਗੁਰੂ ਜੀ ਨਾਲ ਸਨੇਹ ਨਿਭਾਂਦਿਆਂ, ਇਹ ਗੱਲ ਸਾਬਤ ਕਰ ਦਸੀ :-

'ਜਿਸੁ ਪਿਆਰੇ ਸਿਉ ਨੇਹੁ, ਤਿਸੁ ਆਗੈ ਮਰਿ ਚਲੀਐ।
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ।'

ਸਤਿਗੁਰੂ ਨਾਲ ਗੁਰੂ-ਪਿਆਰਿਆਂ ਦਾ ਸਨੇਹ ਵੀ ਇਸ਼ਕ ਦੀ ਹਦ ਤੋਂ ਉਚਾ ਸੀ। ਇਹ ਉਹ ਸਨੇਹ ਸੀ, ਜੋ ਜਿੰਦ ਜਾਨ ਦੇ ਕੇ ਵੀ ਨਿਭ ਜਾਏ, ਤਾਂ ਸਸਤਾ ਜਾਪਦਾ ਹੈ। ਪਤੰਗੇ ਦਾ ਇਸ਼ਕ, ਸ਼ਮ੍ਹਾਂ ਤੋਂ ਕੁਰਬਾਨ ਹੋਣਾ ਸਿਖਾਂਦਾ ਹੈ ਪਰ ਸਤਿਗੁਰੂ ਦੇ ਪਿਆਰਿਆਂ ਕੋਲੋਂ ਤਾਂ ਪਤੰਗੇ ਵੀ ਮੌਤ ਦਾ ਸਬਕ ਸਿਖਣ ਆਉਂਦੇ ਹਨ :-

'ਆਸ਼ਕ ਆਸ਼ਕ ਸਭ ਕੋਈ ਆਖੇ ਟੇਢੀ ਪਗੜੀ ਧਰ ਕੇ।
ਸਿਰ ਤੋਂ ਪਰੇ ਦਾ ਡੇਰਾ ਕੋਈ ਆਸ਼ਕ ਪਹੁਤਾ ਮਰ ਕੇ।'

ਭਾਈ ਮਤੀ ਦਾਸ, ਦੋਫਾੜ ਚੀਰਿਆ ਜਾ ਰਿਹਾ ਹੈ, ਪਰ ਸਿਖ ਦੇ ਘਾਵਾਂ ਦੀਆਂ ਚੀਸਾਂ, ਸਤਿਗੁਰੂ ਆਪ ਜਰ ਰਿਹਾ ਹੈ। ਸਿਖ ਅਡੋਲ ਬੈਠਾ ਹੈ। ਲੋਕ ਮੰਨਦੇ ਨਹੀਂ, ਕਿ ਮਨੁੱਖੀ ਸਰੀਰ ਚੀਰਿਆ ਜਾ ਰਿਹਾ ਹੋਵੇ, ਪਰ ਮੂੰਹੋਂ 'ਸੀ' ਨਾ ਨਿਕਲੇ। ਸਚੇ ਇਸ਼ਕ ਬਿਨਾਂ ਇਹੋ ਜਿਹੀਆਂ ਲਾਸਾਨੀ ਸ਼ਹਾਦਤਾਂ, ਸਿਰੇ ਨਹੀਂ ਚੜ੍ਹਦੀਆਂ। ਲੋਕ ਕੁਰਲਾ ਰਹੇ ਸਨ, ਰਾਜ ਵਿਦਰੋਹ ਦੇ ਬੀਜਾਂ ਨੂੰ ਅੰਗੂਰੀਆਂ ਫੁਟ ਰਹੀਆਂ ਸਨ। ਇਕ ਮੁਸਲਮਾਨ ਕਵੀ 'ਅਹਿਮਦ' ਲਿਖਦਾ ਹੈ :-


www.AKJ.Org

"ਹਾਏ ਹਾਏ ਵੇ ਕਾਜ਼ੀਆ ਹੈਫ ਕੀਤੇ ਮਹਿਰਮ ਨਹੀਂ ਤੂੰ ਇਸ਼ਕ ਦੇ ਰਾਜ਼ ਕੋਲੋਂ।
ਵਢੀ ਖਾਇ ਕੇ ਹਕ ਗਵਾ ਦਿਤਾ। ਡਰਿਉਂ ਨਹੀਂ, ਗਰੀਬ-ਨਿਵਾਜ਼ ਕੋਲੋਂ।'

ਸਤਿਗੁਰੂ ਜੀ ਦਾ ਸ਼ਰਧਾਲੂ ਨਵਾਬ ਸੈਫਉਦੀਨ, ਸ਼ਾਹ ਜਹਾਨ ਦਾ ਸਾਂਢੂ ਸੀ ਅਤੇ ਗੁਰੂ ਤੇਗ ਬਹਾਦਰ, ਮੁਗਲ ਦਰਬਾਰ ਦਾ ਵਿਦਰੋਹੀ ਜਾਂ ਵਿਰੋਧੀ ਕਰਕੇ ਜਾਣਿਆ ਜਾਂਦਾ ਸੀ। ਸਤਿਗੁਰੂ ਜੀ ਸਨੇਹ ਭਾਵਨਾ ਵਜੋਂ, ਆਪਣੇ ਇਕ ਹੁਕਮਨਾਮੇ ਵਿਚ 'ਨਵਾਬ ਲਈ ਬਾਸਣਾ ਦੀ ਫਰਮਾਇਸ਼ ਕਰਦੇ ਹਨ। ਸਫਰ ਵਿਚ ਵੀ ਆਪਣੇ ਮਿਤਰ ਸੈਫਉਦੀਨ ਨੂੰ ਨਹੀਂ ਭੁਲੇ, ਸਗੋਂ ਸੁਗਾਤਾਂ ਘਲਣ ਦਾ ਮਨ ਬਣਾਈ ਰਖਿਆ। ('ਇਤਿ ਜਿਨ ਕਰੀ' ਪੰਨਾ ੮੫) ਸਤਿਗੁਰੂ ਦੀ ਸ਼ਹਾਦਤ ਸਮੇਂ, ਨਵਾਬ ਨੇ ਚਾਲੀ ਦਿਨ, ਮਾਤਮੀ ਲਿਬਾਸ ਪਹਿਨ ਕੇ ਆਪਣੀ ਮਿਤ੍ਰਤਾ ਦਾ ਸਬੂਤ ਦਿਤਾ।'

ਸਤਿਗੁਰੂ ਜੀ ਵੀ ਆਪਣੇ ਸਿਖਾਂ ਨੂੰ 'ਗੁਰੂ ਕਾ ਬੇਟਾ' ਕਹਿ ਕੇ ਸੰਬੋਧਨ ਕਰਦੇ ਹਨ।

ਸਤਿਗੁਰੂ ਜੀ ਨੇ ਆਪਣੇ ਸਿੱਖਾਂ ਨਾਲ ਮਿਤਰਾਂ ਵਾਲਾ ਵਰਤਾਰਾ ਕੀਤਾ। ਆਪਣੇ ਬਰਾਬਰ ਕਰਕੇ ਜਾਣਦਿਆਂ, ਉਨ੍ਹਾਂ ਨੂੰ 'ਭਯਾ ਜੀ' ਦਾ ਸੰਬੋਧਨ ਕੀਤਾ

'ਅਸਾਂ ਨੇ ਕੂਚ ਕੀਤਾ ਹੈ, ਸ਼ਤਾਬੀ ਸਾਥ ਡੇਰਾ ਤਿਆਰ ਕਰਣਾ।
ਸੰਗਤ ਸਰਬਤ ਲੈ ਕੇ ਭਯਾ ਜੀ ਤੁਮ ਦਰਸ਼ਨ ਕਰ ਜਾਣਾ। ਸ਼ਤਾਬੀ ਆਵਣਾ। .....

ਭਾਈ ਮਤੀ ਦਾਸ ਤੋਂ, ਜਦੋਂ ਕਾਜ਼ੀ ਨੇ ਉਨ੍ਹਾਂ ਕਿਹਾ ਕਿ ਅਖੀਰਲੀ ਇਛਾ ਪੁਛੀ, ਤਾਂ ਉਨ੍ਹਾਂ ਕਿਹਾ ਕਿ ਮੇਰਾ ਮੂੰਹ ਸਤਿਗੁਰੂ ਵਲ ਹੋਵੇ। ਸਤਿਗੁਰੂ ਵਲ ਮੇਰੀ ਪਿਠ ਨਾ ਹੋਣ ਦੇਣਾ।

ਸਤਿਗੁਰੂ ਜੀ ਦਾ ਘੋੜਾ 'ਸਿਰੀ ਧਰ' ਬੀਮਾਰ ਪੈ ਗਿਆ ਤਾਂ ਉਸ ਲਈ ਵੀ ਸੰਗਤਾਂ ਨੂੰ ਸੋਪਣਾ ਕਰਦੇ ਹਨ :-

'ਸਿਰੀ ਧਰ ਦੀ ਸੰਗਤ ਸੇਵਾ ਕਰਨੀ। ਅਲੂਫਾ ਸਿਰੀ ਧਰ ਨੂੰ ਦੇਣਾ। ਸਿਰੀ ਧਰ ਜਿਤ ਵੇਲਾ ਚੰਗਾ ਹੋਵੇਗਾ ਤਾਂ ਪਟਨੇ ਪਹੁੰਚਾਏ ਦੇਣਾ।'

ਐਸੇ ਸਨ ਦੀਨ ਦੁਨੀ ਦੀ ਪਨਾਹ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਜਿਨ੍ਹਾਂ ਨੇ 'ਸਰਣਿ ਆਏ ਤਿਸੁ ਕੰਠਿ ਲਾਏ' ਦੇ ਮਹਾਵਾਕਾਂ ਨੂੰ ਸਿੱਧ ਕਰਨ ਦੀ ਖਾਤਰ ਆਪਣਾ ਬਲੀਦਾਨ ਦੇ ਕੇ ਅਜਿਹੀ ਮਿਸਾਲ ਕਾਇਮ ਕੀਤੀ ਜਿਸ ਦੇ ਨਾਲ ਦੀ ਕੋਈ ਦੂਜੀ ਉਦਾਹਰਣ ਸਾਰੇ ਸੰਸਾਰ ਦੇ ਇਤਿਹਾਸ ਵਿਚ ਕਿਤੇ ਨਹੀਂ ਮਿਲਦੀ।

## ਖਾਲਸਾ

(ਤੇਗ਼ ਬਹਾਦਰ ਸਿੰਘ "ਤੇਗ਼")

ਜਿਵੇਂ ਜਿਵੇਂ ਉਠਿਆ ਤੂਫਾਨ ਖਾਲਸਾ
ਤਿਵੇਂ ਤਿਵੇਂ ਹੋਇਆ ਏ ਜੁਆਨ ਖਾਲਸਾ
ਆਰਿਆਂ ਦਸ ਤੇਰਾ ਕੀ ਵਿਗਾੜਿਆ,
ਤੈਨੂੰ ਮੌਤ ਜ਼ਿੰਦਗੀ ਸਮਾਨ ਖਾਲਸਾ।
ਤੱਤੀ ਤਵੀ ਉਤੇ ਵੀ ਭਾਣਾ ਮੰਨਿਆ,
ਉਥੇ ਵੀ ਤੂੰ ਬਣਿਆ ਮਹਾਨ ਖਾਲਸਾ।
ਵਾਰ ਕੇ ਸਰਬੰਸ ਹੈ ਤੈਨੂੰ ਪਾਲਿਆ,
ਕਿੰਨੀ ਉਚੀ ਕੀਤੀ ਏ ਸ਼ਾਨ ਖਾਲਸਾ।
ਨਾਦਰ ਦੁਰਾਨੀ ਦੀ ਮਜਾਲ ਕੋਈ ਨਾ,
ਫਿਰ ਸਾਹਵੇਂ ਆ ਅੜ ਜਾਣ ਖਾਲਸਾ।
ਸੰਤ ਸਿਪਾਹੀ ਇਹ ਬਣਾਈ ਕੌਮ ਹੈ,
ਚਾਹੜ ਦਿਤੀ ਹੈ ਲੋਹ ਪਾਨ ਖਾਲਸਾ।
ਗੋਲੀਆਂ ਅਗੇ ਸਦ ਸੀਨਾ ਤਾਣਿਆ,
'ਤੇਗ਼' ਇਹੋ ਅਣਖੀਲੀ ਸ਼ਾਨ ਖਾਲਸਾ।



www.AKJ.Org

# ਕੀਨਾ ਅਪਨਾਇਆ

(ਪ੍ਰੋ: ਬਲਵਿੰਦਰ ਸਿੰਘ)

ਕਰਤਾਰ ਕਰਤਾ ਹੈ। ਉਹ ਭਰਤਾ ਵੀ ਹੈ ਹਰਤਾ ਵੀ। ਉਹੀ ਥਾਪਦਾ ਹੈ, ਉਥਾਪਦਾ ਹੈ, ਤੇ ਮਾਰਦਾ ਹੈ। ਆਪ ਉਪਾਉਂਦਾ ਹੈ। ਆਪੇ ਹੀ ਢਾਹੁੰਦਾ ਹੈ। ਉਸ ਦਾ ਸਭ ਪਾਸੇ ਪਸਾਰਾ ਹੈ। ਉਹੀ ਘੜਦਾ ਹੈ। ਉਹ ਭੰਨਦਾ ਹੈ। ਉਹ ਆਪ ਹੀ ਬਖਸ਼ਦਾ ਹੈ ਤੇ ਆਪ ਹੀ ਡੰਨਦਾ ਹੈ। ਉਹ ਸਭਨਾਂ ਦੇ ਵਿਚ ਹੈ ਤੇ ਸਭਨਾਂ ਤੋਂ ਬਾਹਰਾ ਹੈ। ਉਹ ਸਭਨਾਂ ਵਿਚ ਸਮਾਇਆ ਹੋਇਆ ਹੈ। ਉਸ ਦੇ ਕਰਮਾਂ ਦਾ ਕੋਈ ਅੰਤ ਨਹੀਂ ਤੇ ਉਸ ਦੀ ਕਰਮ ਫੁਰਮਾਈ ਬੇਅੰਤ ਹੈ। ਉਹ ਸਭਨਾਂ ਨੂੰ ਸੰਭਾਲਦਾ ਹੈ, ਸਮਾਂਲਦਾ ਹੈ। ਕਦਮ ਕਦਮ 'ਤੇ ਹਰ ਸਾਹ 'ਤੇ ਉਹ ਰੱਖਿਆ ਕਰਦਾ ਹੈ। ਉਸ ਦੀਆਂ ਮਿਹਰਾਂ ਤੋਂ ਵਾਂਝਾ ਕੋਈ ਨਹੀਂ। ਜਿਵੇਂ ਉਹਦਾ ਚਿਤ ਕਰਦਾ ਹੈ, ਉਵੇਂ ਹੀ ਕਰਦਾ ਹੈ :

ਸਭਸੈ ਨੋ ਕਿਰਪਾਲੁ ਸਮ੍ਾਲੇ ਸਾਹਿ ਸਾਹਿ।
ਬਿਰਥਾ ਕੋਇ ਨ ਜਾਇ ਜਿ ਆਵੈ ਤੁਧੁ ਆਹਿ । (ਪੰਨਾ ੯੬੨)

ਇਹ ਇਲਾਹੀ ਫੁਰਮਾਨ ਬਹੁਤ ਵਾਰੀ ਦ੍ਰਿੜ੍ਹਾਇਆ ਗਿਆ ਹੈ ਕਿ ਵਾਹਿਗੁਰੂ ਕਰਤਾ ਕਰੀਮ ਦਇਆ ਦਾ ਖਜ਼ਾਨਾ, ਦਿਆਲ ਰਹੀਮ ਹੈ, ਕਾਰਨ ਕਰਤਾ ਹੈ, ਕਾਰਨ ਕੁਨਿੰਦ ਹੈ। ਅਸੀਂ ਜਾਚਕ ਹਾਂ, ਉਹ ਰਾਜ਼ਕ ਹੈ। ਉਸ ਦਾ ਕ਼ਮਾਲ ਇਹ ਹੈ ਕਿ ਉਹ ਬਿਨਾਂ ਮੰਗਿਆ ਵੀ ਦੇਈ ਜਾ ਰਿਹਾ ਹੈ। ਉਹ ਕਿਸੇ ਵਿਚ ਕੋਈ ਫਰਕ ਨਹੀਂ ਕਰਦਾ। ਉਸਦੇ ਵਿਸ਼ਾਲ ਹਿਰਦੇ ਅੰਦਰ ਕੋਈ ਭਿੰਨ ਭੇਦ ਨਹੀਂ। ਪੌਣ- ਪਾਣੀ, ਅਗਨੀ, ਧਰਤੀ ਆਦਿ ਉਸ ਨੇ ਸਭ ਲਈ ਇਕੋ ਜਿਹੇ ਦਿਤੇ ਹਨ। ਗੁਰਬਾਣੀ ਵਿਚਾਰ ਕੇ ਪੜ੍ਹਨ ਨਾਲ ਇਕ ਗੱਲ ਸਾਹਮਣੇ ਆਉਂਦੀ ਹੈ ਕਿ ਵਾਹਿਗੁਰੂ ਕਈਆਂ 'ਤੇ ਉਚੇਚਾ ਮਿਹਰਬਾਨ ਹੈ। ਕਈਆਂ ਰੂਹਾਂ ਨੂੰ ਉਹ ਬਖਸ਼ ਦਿੰਦਾ ਹੈ। ਕੁਝ ਭਲਿਆਂ ਪੁਰਖਾਂ ਉਤੇ ਇਤਨਾ ਮਿਹਰਬਾਨ ਹੁੰਦਾ ਹੈ ਕਿ ਉਨ੍ਹਾਂ ਦਾ ਕਿਹਾ ਦਰਗਾਹੇ ਚਲਦਾ ਹੈ। ਸੱਜਣਾਂ ਦੀ ਗੱਲ ਅਕਾਲ ਪੁਰਖ ਕਦੀ ਮੋੜਦਾ ਨਹੀਂ। ਫਿਰ ਕੀ, ਵਾਹਿਗੁਰੂ ਭੇਦ ਭਾਵ ਵਰਤਾਉਂਦਾ ਹੈ ? ਨਹੀਂ, ਅਜਿਹਾ ਬਿਲਕੁਲ ਨਹੀਂ। ਉਹ ਚੋਰਾਂ, ਜਾਰਾਂ, ਕੂੜਿਆਰਾਂ ਨੂੰ ਵੀ ਦੇਈ ਜਾ ਰਿਹਾ ਹੈ। ਦਿੰਦਾ ਉਹ ਥੱਕਦਾ ਨਹੀਂ। ਲੈਣ ਵਾਲੇ ਥੱਕ ਜਾਂਦੇ ਹਨ, ਮੁੱਕ ਜਾਂਦੇ ਹਨ।

ਜਿਨ੍ਹਾਂ ਉਤੇ ਉਹ ਉਚੇਚੀ ਨਿਗ੍ਹਾ ਕਰਦਾ ਹੈ ਉਨ੍ਹਾਂ ਨੂੰ ਗੁਰਬਾਣੀ ਵਿਚ ਆਪਣਾ ਜਾਂ ਕੀਨਾ ਅਪਨਾਇਆ ਕਿਹਾ ਗਿਆ ਹੈ। ਦੁਨੀਆਂ ਵਿਚ ਚੌਤਰਫਾ ਅੱਗ ਲੱਗੀ ਹੋਈ ਹੈ। ਤਰਾਹੇ ਤਰਾਹੇ ਮੱਚੀ ਹੋਈ ਹੈ। ਇਕ ਅਜੀਬ ਜਿਹੀ ਬੇਇਤਬਾਰੀ ਹੈ। ਹਰ ਕੋਈ ਸ਼ਿਕਾਰ ਬਣਿਆ ਹੋਇਆ ਹੈ ਤੇ ਹਰ ਕੋਈ ਸ਼ਿਕਾਰੀ ਵੀ ਬਣਿਆ ਹੋਇਆ ਹੈ :

ਖੋਜਤ ਖੋਜਤ ਮਾਰਗੁ ਪਾਇਓ ਸਾਧੂ ਸੇਖ ਕਰੀਜੈ।
ਧਾਰਿ ਅਨੁਗ੍ਰਹੁ ਸੁਆਮੀ ਮੇਰੇ ਨਾਮੁ ਮਹਾ ਰਸੁ ਪੀਜੈ॥੧॥
ਤ੍ਰਾਹਿ ਤ੍ਰਾਹਿ ਕਰਿ ਸਰਨੀ ਆਏ ਜਲਤਉ ਕਿਰਪਾ ਕੀਜੈ॥
ਕਰੁ ਗਹਿ ਲੇਹੁ ਦਾਸ ਅਪੁਨੇ ਕਉ ਨਾਨਕ ਅਪੁਨੋ ਕੀਜੈ॥੨॥ (ਪੰਨਾ ੧੨੯੯)

ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਮੈਂ ਸਾਧ ਭਾਵ ਸਾਧ ਸੰਗਤ, ਸਾਧੂ ਸੇਵ ਭਾਵ ਸਤਿਗੁਰੂ ਦੀ ਸੇਵਾ ਦਾ ਮਾਰਗ ਪ੍ਰਾਪਤ ਕਰ ਲਿਆ ਹੈ। ਆਪ ਜੀ ਕਹਿੰਦੇ ਹਨ ਕਿ ਮੇਰੇ ਮਾਲਕ ਵਾਹਿਗੁਰੂ । 'ਤੂੰ ਕ੍ਰਿਪਾ ਕਰ ਕਿ ਮੈਂ ਨਾਮ ਦਾ ਮਹਾਂ ਰਸ ਪੀ ਸਕਾਂ। ਆਪਣੇ ਚੌਗਿਰਦੇ ਵਿਚ ਵਾਪਰ ਰਹੇ ਹਾਲਾਤ ਨੂੰ ਵੇਖ ਕੇ ਹਾਹਾਕਾਰ ਪੁਕਾਰ ਕਰਦਾ ਮੈਂ ਤੇਰੀ ਸ਼ਰਨੀ ਆ ਗਿਆ ਹਾਂ। ਦਾਤਾ । ਹੁਣ ਤੂੰ ਆਪਣੇ ਦਾਸ ਦਾ ਹੱਥ ਪੱਕੀ ਤਰ੍ਹਾਂ ਫੜ ਲੈ ਤਾਂ ਜੋ ਉਹ ਛੁਟੇ ਨਾ ਅਤੇ ਕ੍ਰਿਪਾ ਕਰਕੇ ਆਪਣੇ ਚਾਕਰ ਨੂੰ ਆਪਣਾ ਕਰਨ ਦੀ ਲੈ । ਇਹ ਆਪਣਾ ਕਰਨ ਦੀ ਕਿਰਿਆ ਇਸ ਤਰ੍ਹਾਂ ਦੀ ਹੈ ਜਿਵੇਂ ਕੋਈ ਕਿਸੇ ਨੂੰ ਗੋਦ ਲੈ ਲਏ, ਆਪਣੀ ਸ਼ਰਨ ਵਿਚ ਲੈ ਲਏ, ਆਪਣਾ ਆਸਰਾ ਦੇ ਦਏ, ਆਪਣਾ ਪੱਲਾ ਪਕੜਾ ਦਏ ।

ਵਾਹਿਗੁਰੂ ਪਾਲ ਸਾਰਿਆਂ ਨੂੰ ਹੀ ਰਿਹਾ ਹੈ, ਪਰ ਜਿਹੜੇ ਉਹਦੀ ਸ਼ਰਨੀ ਪੈ ਜਾਣ ਤੇ ਜਿਨ੍ਹਾਂ ਨੂੰ


www.AKJ.Org

ਉਹ ਪ੍ਰਵਾਨ ਕਰ ਲਏ ਉਨ੍ਹਾਂ ਨੂੰ ਆਪਣਾ ਕਰ ਲੈਂਦਾ ਹੈ ਜਾਂ ਅਪਨਾ ਲੈਂਦਾ ਹੈ। ਇਹ ਉਹ ਉਚੇਚਾ ਤੇ ਵਿਸ਼ੇਸ਼ ਅਸਥਾਨ ਹੈ ਜੋ ਸੱਚਾ ਪਾਤਸ਼ਾਹ ਬਖਸ਼ੀਆਂ ਹੋਈਆਂ ਰੂਹਾਂ ਨੂੰ ਪ੍ਰਦਾਨ ਕਰਦਾ ਹੈ। ਇਸੇ ਸਬੰਧ ਵਿਚ ਹੁਕਮ ਹੈ ਕਿ ਹੋਰ ਟੂਣੇ ਟੱਪਲੇ, ਧਾਗੇ ਤਵੀਤ ਭੇ ਉਪਾਅ ਸਭ ਬੇਅਰਥ ਹਨ, ਇਨ੍ਹਾਂ ਨਾਲ ਕੁਝ ਪ੍ਰਾਪਤੀ ਨਹੀਂ। ਜੇ ਕਿਸੇ ਤਰ੍ਹਾਂ ਕਰਤਾ ਕੋਈ ਬਿਧ ਬਣਾ ਦਏ ਤੇ ਸੁੱਤੇ ਸਿੱਧ ਕੁਝ ਹਾਸਲ ਹੋ ਵੀ ਜਾਏ ਤਾਂ ਅੰਤਰ-ਅਗਨ ਸ਼ਾਂਤ ਨਹੀਂ ਹੋਵੇਗੀ ਤੇ ਹਉਮੈ ਵਧੇਗੀ ਕਿ ਮੈਂ ਆਪਣੀ ਹਿਕਮਤ ਨਾਲ ਕੁਝ ਪ੍ਰਾਪਤ ਕਰ ਲਿਆ ਹੈ। ਜੇ ਮਨ ਨੂੰ ਸੀਤਲ ਕਰਨਾ ਚਾਹੁੰਦੇ ਹੋ ਤਾਂ ਗੁਰ ਪੂਰੇ ਦੀ ਅਰਾਧਨਾ ਹੀ ਸਹੀ ਕਾਰਜ ਹੈ। ਉਹ ਰਖਵਾਲਾ, ਰੱਖਣਵਾਲਾ, ਮਿਹਰਬਾਨ, ਕਰਕੇ ਰੱਖ ਲੈਂਦਾ ਹੈ।

ਅਵਰਿ ਉਪਾਵ ਸਭਿ ਤਿਆਗਿਆ ਦਾਰੂ ਨਾਮੁ ਲਇਆ॥
ਤਾਪ ਪਾਪ ਸਭਿ ਮਿਟੇ ਰੋਗ ਸੀਤਲ ਮਨੁ ਭਇਆ॥੧॥
ਗੁਰੁ ਪੂਰਾ ਆਰਾਧਿਆ ਸਗਲਾ ਦੁਖੁ ਗਇਆ॥
ਰਾਖਨਹਾਰੇ ਰਾਖਿਆ ਅਪਨੀ ਕਰਿ ਮਇਆ॥੧॥ ਰਹਾਉ। (ਪੰਨਾ ੮੧੭)

ਬੱਸ ਅਸਲ ਗੱਲ ਇਹੀ ਹੈ ਕਿ ਵਾਹਿਗੁਰੂ ਦਾਤਾ ਸਾਡੀ ਬਾਂਹ ਫੜ ਲਏ। ਕੀਨਾ ਅਪਨਾਇਆ ਵਾਲੀ ਅਵਸਥਾ 'ਤੇ ਪੁਜੇ। ਦਾਤਾਰ ਪਿਤਾ ਉਨ੍ਹਾਂ ਨੂੰ ਸਿਮਰਨ ਦਾ ਦਾਨ ਦੇ ਕੇ ਨਾਮ-ਦਾਨ ਨਾਲ ਨਿਵਾਜ਼ ਲਏਗਾ ਤੇ ਮਨ ਤਨ ਸੁਖੀ ਹੋ ਜਾਵੇਗਾ :

ਬਾਂਹ ਪਕੜਿ ਪ੍ਰਭਿ ਕਾਢਿਆ ਕੀਨਾ ਅਪਨਾਇਆ।
ਸਿਮਰਿ ਸਿਮਰਿ ਮਨ ਤਨ ਸੁਖੀ ਨਾਨਕ ਨਿਰਭਇਆ। (ਪੰਨਾ ੮੧੭)

ਸਿਮਰਨ ਨਾਲ ਇਹ ਦਾਤ ਪ੍ਰਾਪਤ ਹੋਈ ਕਿ ਜਿਥੇ ਬਾਹਰਲੀ ਤਰਾਹੇ ਤਰਾਹੇ ਤੇ ਹਾਹਾਕਾਰ ਖਤਮ ਹੋਈ, ਉਥੇ ਤਨ ਦੇ ਨਾਲ ਮਨ ਵੀ ਸੁਖੀ ਹੋਇਆ। ਇਹੀ ਤਾਂ ਸਭ ਤੋਂ ਸੌਖੀ ਪ੍ਰਾਪਤੀ ਹੈ। ਸਭ ਕੁਝ ਹੁੰਦਿਆਂ ਹੋਇਆਂ ਵੀ ਮਨ ਨਹੀਂ ਟਿਕਦਾ। ਮਨ ਦੌੜ-ਭੱਜ ਵਿਚ ਲੱਗਾ ਹੀ ਰਹਿੰਦਾ ਹੈ। ਬਹੁਤਿਆਂ ਨੂੰ ਤਾਂ ਇਹੀ ਭਉ ਹੀ ਖਾਈ ਜਾਂਦਾ ਹੈ ਕਿ ਮਤੇ ਕਿਤੇ ਇਹ ਪ੍ਰਾਪਤੀਆਂ ਖੁਸ ਨਾ ਜਾਣ । ਸਭ ਕੁਝ ਹੁੰਦਿਆਂ ਹੋਇਆ ਭੀ ਮਨੁੱਖ ਡਰਦਾ-ਮਰਦਾ ਰਹਿੰਦਾ ਹੈ। ਵਾਹਿਗੁਰੂ ਪਾਤਸ਼ਾਹ ਦੇ ਗੁਰ-ਸਿੱਖ ਭਗਤ ਨੂੰ ਆਪਣਾ ਕਰ ਲੈਣ ਨਾਲ ਉਹ ਨਿਰਭਉ ਹੋਵੇ। ਉਸ ਨੇ ਜਪਿਆ, ਉਸ ਦੇ ਸਗਲ ਭਉ ਮਿਟ ਗਏ। ਇਹ ਅਵਸਥਾ ਹੈ ਉਨ੍ਹਾਂ ਦੀ ਜਿਨ੍ਹਾਂ ਨੂੰ ਵਾਹਿਗੁਰੂ ਅਪਨਾ ਲੈਂਦਾ ਹੈ ਜਾਂ ਆਪਣਾ ਕਰ ਲੈਂਦਾ ਹੈ 'ਕੀਨਾ ਅਪਨਾਇਆ'। ਸਰਬ ਸੁਖਾਂ ਦਾ ਦਾਤਾ ਵਾਹਿਗੁਰੂ ਹੈ। ਜਦੋਂ ਉਹ ਮਿਹਰ ਦੇ ਮੁਕਾਮ 'ਤੇ ਆਉਂਦਾ ਹੈ, ਫਿਰ ਗਿਣ ਫੋਲਣ ਦੀ ਕੋਈ ਗੱਲ ਬਾਕੀ ਰਹਿ ਨਹੀਂ ਜਾਂਦੀ। ਆਪ ਹੀ ਐਸੀ ਬਣਤ ਬਣਾ ਦਿੰਦਾ ਹੈ। ਜਿਹੜੇ ਮਨੁੱਖ ਉਸ ਦਾ ਵਿਸ਼ੇਸ਼ ਸਨੇਹ ਪ੍ਰਾਪਤ ਨਹੀਂ ਕਰ ਸਕਦੇ ਉਹ ਅਭਾਗੇ ਤੇ ਮੰਦਭਾਗੇ ਹਨ। 'ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ' ਸਭਨਾ ਨੂੰ ਪਾਲ ਰਿਹਾ ਹੈ; ਸਭਨਾਂ ਨੂੰ ਜਿਵਾ ਰਿਹਾ ਹੈ। ਫਿਰ ਫਰਕ ਕੀ ਹੈ ਆਮ ਬੰਦੇ ਤੇ ਉਨ੍ਹਾਂ ਪਿਆਰਿਆਂ ਵਿਚ ਜਿਨ੍ਹਾਂ ਨੂੰ ਉਹ ਆਪਣਾ ਕਰ ਲੈਂਦਾ ਹੈ ? ਜਿਨ੍ਹਾਂ ਨੂੰ ਉਹ ਆਪਣਾ ਪੱਲਾ ਫੜਾ ਦਿੰਦਾ ਹੈ। ਫਰਕ ਸਪੱਸ਼ਟ ਹੈ :

ਸਭ ਜੀਅ ਤੇਰੇ ਦਇਆਲਾ। ਅਪਨੇ ਭਗਤ ਕਰਹਿ ਪ੍ਰਤਿਪਾਲਾ (ਪੰਨਾ ੬੩੦)

ਦਇਆ ਦਾ ਖਜ਼ਾਨਾ, ਦਇਆਲ ਵਾਹਿਗੁਰੂ ਸਭਨਾਂ ਨੂੰ ਦੇਂਦਾ ਹੈ। ਫਰਕ ਸਿਰਫ ਇਤਨਾ ਹੈ ਕਿ ਆਪਣੇ ਭਗਤਾਂ ਨੂੰ ਦੇਂਦਾ ਵੀ ਹੈ ਤੇ ਪਿਆਰ ਵੀ ਕਰਦਾ ਹੈ। ਗੱਲ ਇਹ ਹੈ ਕਿ ਸਭਨਾਂ ਨੂੰ ਪਾਲਦਾ ਹੈ ਐਪਰ ਆਪਣੇ ਭਗਤਾਂ ਨੂੰ ਪ੍ਰਿਤ-ਪਾਲਦਾ ਹੈ ਅਰਥਾਤ ਪਿਆਰ ਨਾਲ ਰੱਖਦਾ ਹੈ, ਪਿਆਰ ਨਾਲ ਪਾਲਦਾ ਹੈ। ਅਸੀਂ ਦੇਖਦੇ ਹਾਂ ਕਿ ਜੇ ਕਿਸੇ ਬਾਪ ਦੇ ਚਾਰ ਬੇਟੇ ਹੋਣ ਉਹ ਸਾਰਿਆਂ ਨੂੰ ਹਿੱਸਾ ਬਰਾਬਰ ਵੰਡ ਕੇ ਦਿੰਦਾ ਹੈ, ਪਰ ਜਿਹੜਾ ਆਗਿਆਕਾਰ ਹੋਵੇ, ਹੁਕਮ ਨੂੰ ਮੰਨਦਾ ਹੋਵੇ, ਪਿਤਾ ਦੇ ਮੁਤਾਬਿਕ ਚਲਦਾ ਹੋਵੇ, ਉਸ ਨੂੰ ਵਧੇਰੇ ਪਿਆਰ ਕਰਦਾ ਹੋਵੇ ਅਤੇ ਜਦੋਂ ਸਭਨਾਂ ਬੱਚਿਆਂ ਵਿਚ ਜਾਇਦਾਦ ਧਨ ਵੰਡਦਾ ਹੈ ਤਾਂ ਆਪ ਪਿਆਰ ਵਾਲੇ ਆਗਿਆਕਾਰ ਬੱਚੇ ਨਾਲ ਰਹਿਣਾ ਸ਼ੁਰੂ ਕਰ ਦਿੰਦਾ ਹੈ। ਸਿਰਫ ਬਾਣੀ ਗੁਰੂ ਦੇ ਨੇੜੇ ਹੋ ਕੇ ਗੁਰੂ



www.AKJ.Org

ਦਾ ਸਹੀ ਦੀਦਾਰ ਕਰਨ ਦੀ ਲੋੜ ਹੈ। ਇਕ ਗੱਲ ਹੋਰ ਸੁਣਨ ਵਿਚ ਆਉਂਦੀ ਹੈ ਲਓ ਜੀ ਫਲਾਣਾ ਮਨੁੱਖ ਭਗਤੀ ਕਰਦਾ ਸੀ, ਉਸ ਨੂੰ ਐਸਾ ਝਟਕਾ ਲੱਗਾ ਕਿ ਪੱਲੇ ਕੱਖ ਨਹੀਂ ਰਿਹਾ। ਉਹ ਵੇਖੋ ਨਾ, ਅਮਕਾ ਮਨੁੱਖ ਸ਼ਰਾਬ ਵੀ ਪੀਂਦਾ ਹੈ, ਸਾਰੇ ਪੁੱਠੇ ਕੰਮ ਤੇ ਕੁਕਰਮ ਵੀ ਕਰਦਾ ਹੈ ਤੇ ਫਿਰ ਵੀ ਰਿਜ਼ਕ ਦੇ ਅੰਬਾਰ ਲਗੇ ਹਨ। ਵੇਖਣ ਨੂੰ ਇਹ ਗੱਲ ਠੀਕ ਲਗਦੀ ਹੈ, ਪਰ ਜੇ ਕੋਈ ਉਹਦੇ ਅੰਦਰ ਵੜ ਕੇ ਵੇਖੇ ਤਾਂ ਉਹਦੇ ਅੰਦਰ ਲਟ ਲਟ ਭਾਂਬੜ ਬਲ ਰਹੇ ਹੁੰਦੇ ਹਨ, ਮੈਂ ਇਹੋ ਜਿਹੇ ਕਈ ਜਾਣਕਾਰ ਸੱਜਣਾਂ ਨੂੰ ਮਿਲਿਆ, ਜੇ ਉਨ੍ਹਾਂ ਅਖੌਤੀ ਸੁਖ ਮਿਲਿਆ ਹੈ ਤਾਂ ਸ਼ਾਂਤੀ ਨਹੀਂ ਮਿਲੀ। ਸਹਿਜ ਤਾਂ ਉਸ ਦੇ ਨੇੜੇ ਵੀ ਨਹੀਂ ਸਗੋਂ ਉਸ ਤੋਂ ਕੋਹਾਂ ਦੂਰ ਹੈ। ਪਾਤਸ਼ਾਹ ਇਸ ਸਬੰਧ ਵਿਚ ਹੁਕਮ ਕਰਦੇ ਹਨ ਕਿ ਵਾਹਿਗੁਰੂ ਹੋਰਨਾ ਲੋਕਾਂ ਨੂੰ (ਧਨ ਦੇ ਨਾਲ-ਨਾਲ) ਦੁੱਖ ਵੀ ਦਿੰਦਾ ਹੈ, ਪਰ ਜਿਹੜੇ ਜਨ ਪਾਰਬ੍ਰਹਮ ਨੇ ਆਪਣੇ ਕੀਤੇ ਹਨ, ਉਨ੍ਹਾਂ ਨੂੰ ਧਨ-ਦੌਲਤ ਦੇ ਨਾਲ ਸ਼ਾਂਤੀ ਵੀ ਦਿੰਦਾ ਹੈ। ਸੰਤੋਖ ਦਾ ਦਾਨ ਦੇ ਦਿੰਦਾ ਹੈ। ਸ਼ੁਕਰਾਨੇ ਦੀ ਦਾਤ ਬਖਸ਼ ਦਿੰਦਾ ਹੈ। ਦੁੱਖ ਇਉਂ ਉਸ ਤਕ ਪਹੁੰਚਦੇ ਹੀ ਨਹੀਂ:

ਅਨਿਕ ਦੂਖ ਦੇਵਹਿ ਅਵਰਾ ਕਉ॥ ਪਹੁਚਿ ਨ ਸਾਕਹਿ ਜਨ ਤੇਰੇ ਕਉ॥ (ਪੰਨਾ ੩੮੯)

ਵਾਹਿਗੁਰੂ ਸੁਖ ਦਾਤਾ ਹੈ, ਪਰ ਨਾਲ ਉਹ 'ਦੁਖ ਨਿਵਾਰਨ' ਵੀ ਹੈ। ਉਹ ਦੁੱਖਾਂ ਨੂੰ ਦੂਰ ਕਰਦਾ ਹੈ ਜਾਂ ਉਸਦੀ ਮਿਹਰ ਨਾਲ ਦੁੱਖ ਪਰ ਲਾ ਕੇ ਉਡ ਜਾਂਦੇ ਹਨ। ਇਕ ਹੋਰ ਗੱਲ ਬੜੀ ਸੁਆਦਲੀ ਹੈ ਕਿ ਉਹ ਦੁੱਖ ਵਿਸਾਰਨ ਵੀ ਹੈ। ਦੁੱਖ ਹੁੰਦੇ ਹਨ ਪਰ ਉਹਦੇ ਭਗਤਾਂ ਨੂੰ ਪੋਂਹਦੇ ਨਹੀਂ। ਵਪਾਰ ਵਿਚ ਘਾਟਾ ਵਾਧਾ, ਔਲਾਦ ਦਾ ਨਾ ਹੋਣਾ, ਕਿਤੇ ਕਦੀ ਬੇਰੁਜ਼ਗਾਰੀ ਹੋ ਜਾਣਾ ਇਹ ਤਾਂ ਮਾਮੂਲੀ ਗੱਲਾਂ ਹਨ। ਜਿਹੜੇ ਉਸ ਦੇ ਆਪਣੇ ਹਨ, ਉਨ੍ਹਾਂ ਨੂੰ ਵਾਹਿਗੁਰੂ ਆਪਣੀ ਸ਼ਕਤੀ ਦੇ ਕੇ ਇਤਨਾ ਬਲਸ਼ਾਲੀ ਕਰ ਦਿੰਦਾ ਹੈ ਕਿ ਜਦ ਉਹ ਦੇਗ ਵਿਚ ਉਬਲਦੇ ਹਨ ਤਾਂ ਉਨ੍ਹਾਂ ਦਾ ਮਨ ਡੋਲਦਾ ਥਿੜਕਦਾ ਨਹੀਂ ਤੇ ਉਹ ਸ਼ਾਂਤ ਹੁੰਦੇ ਹਨ। ਜਦ ਉਹ ਆਰੇ ਦੇ ਹੇਠਾਂ ਬੈਠਦੇ ਹਨ, ਉਨ੍ਹਾ ਦਾ ਤਨ ਚਿਰਦਾ ਹੈ, ਮਨ ਫਿਰ ਵੀ ਨਹੀਂ ਘਿਰਦਾ। ਜਦ ਉਨ੍ਹਾਂ ਦੀ ਖੋਪਰੀ ਲਾਹੀ ਜਾਂਦੀ ਹੈ, ਉਦੋਂ ਉਨ੍ਹਾਂ ਦਾ ਸਿਰ ਨਹੀਂ ਫਿਰਦਾ। ਜਦ ਉਨ੍ਹਾ ਦੇ ਬੰਦ-ਬੰਦ ਕਰ, ਟੁਕੜੇ ਟੁਕੜੇ ਕਰ ਦਿਤਾ ਜਾਂਦਾ ਹੈ ਉਹ ਉਦੋਂ ਵੀ ਜੁੜੇ ਰਹਿੰਦੇ ਹਨ। ਦੁੱਖ ਸੀ ਪਰ ਉਹਦੇ ਜਨਾਂ ਤਕ ਨਹੀਂ ਪਹੁੰਚ ਸਕਿਆ। ਉਥੇ ਦੁੱਖਾਂ ਦਾ ਕੀ ਕੰਮ ਹੈ ? ਉਥੇ ਤਾਂ ਮੌਤ ਵੀ ਲਾਚਾਰ ਤੇ ਬੇਵੱਸ ਹੈ। ਇਹ ਹੈ ਉਨ੍ਹਾਂ ਪੁਰਖਾਂ ਦਾ ਕਮਾਲ ਜਿਨ੍ਹਾਂ ਨੂੰ ਵਾਹਿਗੁਰੂ ਨੇ ਆਪਣਾ ਕਰ ਦਿਖਾਇਆ ਹੈ

ਇਸ ਦੇ ਨਾਲ ਨਾਲ ਤਾਰਨ ਤਰਨ ਸਰਬ ਕਲਾ ਸਮਰੱਥ ਵਾਹਿਗੁਰੂ ਦੀ ਵੀ ਭਗਤਾਂ- ਪ੍ਰੇਮੀਆਂ ਨਾਲ ਇਕ ਅਜੀਬ ਸਾਂਝ ਸੀ। ਜਦੋਂ ਭਗਤ-ਜਨ ਉਸ ਨੂੰ ਆਪਣੇ ਸਤਿਗੁਰੂ ਕੇ ਬਲਿਹਾਰ, ਠਾਕੁਰ ਮੇਰਾ ਭਾਰਾ, ਮੇਰੇ ਸਾਹਿਬ, ਮੇਰੇ ਪ੍ਰੀਤਮ ਆਦਿ ਕਹਿ ਕੇ ਪੁਕਾਰਦੇ ਹਨ ਤਾਂ ਉਹ ਵੀ ਉਨ੍ਹਾਂ ਦੇ ਪਿੱਛੇ ਲੱਗਾ ਫਿਰਦਾ ਹੈ। ਉਹ ਆਪਣੇ ਸੇਵਕਾਂ ਦੀ ਆਪ ਰੱਖਦਾ ਹੈ। ਆਪਣੇ ਜਨ ਦਾ ਪਰਦਾ ਆਪ ਢੱਕਦਾ ਹੈ। ਆਪਣੇ ਭਗਤਾਂ ਦੀ ਪ੍ਰਿਤਪਾਲਣਾ ਕਰਦਾ ਹੈ ਬਸ ਲੋੜ ਸਿਰਫ ਇਹ ਹੈ ਕਿ ਉਹ ਸਾਨੂੰ ਅਪਨਾ ਲਏ, ਆਪਣਾ ਕਰ ਲਏ, ਬਾਂਹ ਫੜ ਲਏ, ਮੋਹ ਚਿੱਕੜ ਵਿਚੋਂ ਕੱਢ ਲਏ ਦਲ-ਦਲ ਵਿਚ ਫਸਣ ਨਾ ਦਏ, ਬਾਂਹ ਦੇ ਕੇ ਤਾਰ ਲਏ, ਸਾਡੇ ਵਲ ਹੋ ਜਾਏ, ਸਾਨੂੰ ਆਪਣੇ ਵੱਲ ਕਰ ਲਏ । ■■■■■■

ਸਾਚੀ ਬਾਣੀ ਸਿਉ ਧਰੇ ਪਿਆਰੁ॥
ਤਾ ਕੋ ਪਾਵੈ ਮੋਖ ਦੁਆਰੁ॥ (ਪੰਨਾ ੬੬੧)

*ਕਾਹਲੀ ਕਾਹਲੀ ਰਸਮ ਮੁਤਾਬਕ ਕੀਤੇ ਗੁਰਬਾਣੀ ਦੇ ਪਾਠ ਦਾ ਕੋਈ ਬਹੁਤਾ ਲਾਭ ਨਹੀਂ। ਸਹਿਜ ਵਿੱਚ ਪ੍ਰੇਮ ਸਹਿਤ ਕੀਤੇ ਪਾਠ ਦਾ ਹੀ ਰਸ ਆਉਂਦਾ ਹੈ ਅਤੇ ਗੁਰੂ ਦੀ ਮੇਹਰ ਹੁੰਦੀ ਹੈ ਸਾਨੂੰ ਗੁਰਬਾਣੀ ਬੜੇ ਪ੍ਰੇਮ ਨਾਲ ਪੜ੍ਹਨੀ ਤੇ ਗਾਉਣੀ ਚਾਹੀਦੀ ਹੈ ਬਾਣੀ ਪੜ੍ਹਦਿਆਂ ਗਾਉਂਦਿਆਂ ਸਾਡਾ ਉਚਾਰਣ ਸ਼ੁੱਧ ਹੋਣਾ ਚਾਹੀਦਾ ਹੈ, ਤਾਹੀਉਂ ਸਾਨੂੰ ਬਾਣੀ ਦੇ ਅਰਥਾਂ ਦੀ ਸੋਝੀ ਪਵੇਗੀ ਅਤੇ ਅਸੀਂ ਗੁਰ-ਉਪਦੇਸ਼ ਨੂੰ ਮਨ ਵਸਾ ਸਕਾਂਗੇ।*


www.AKJ.Org

# ਕਲਗੀਧਰ ਨੇ ਹਿੰਦ ਬਚਾਈ

ਗਿਆਨੀ ਗੁਪਾਲ ਸਿੰਘ ਮਿੱਤਰ)ਗੁੜਗਾਉਂ

ਸਿਰ ਦਾ ਚੱਪੂ ਲਾ ਕੇ ਕਲਗੀਧਰ ਨੇ ਹਿੰਦ ਬਚਾਈ।
ਭਾਰਤ ਉੱਤੇ ਜ਼ੁਲਮ ਹਨੇਰੀ ਜਦ ਚੜ੍ਹ ਕੇ ਸੀ ਆਈ।
ਆਣ ਅਣਖ ਹਿੰਦਵਾਇਣ ਦੀ ਜਿਸ ਮਿੱਟੀ ਵਿਚ ਮਿਲਾਈ।
ਮੁਗਲਾਂ ਦੀ ਤਲਵਾਰ ਜਦੋਂ ਸੀ ਅਰਸ਼ਾਂ ਵਿਚ ਲਹਿਰਾਈ।
ਰਾਜਪੂਤਾਂ ਨੇ ਡੋਲੇ ਦੇ ਦੇ ਆਪਣੀ ਜਾਨ ਬਚਾਈ।
ਮਰ ਗਏ ਜੀਉਂਦੇ ਹੀ ਮਰਹੱਟੇ ਰਹੀ ਜਿੰਦ ਨਾ ਕਾਈ।
ਸਿਰ ਦਾ ਚੱਪੂ ਲਾ ਕੇ........................

ਉਡਦੀ ਚਿੜੀ ਵੇਖ ਕੇ ਹਿੰਦੂ ਜੁਆਨ ਜਦੋਂ ਸੀ ਡਰਦੇ।
ਇਕ ਨਜ਼ਰ ਨੂੰ ਔਂਦਾ ਤੱਕ ਕੇ ਉੱਠ ਸਲਾਮਾਂ ਕਰਦੇ।
ਮੂੰਹ ਵਿਚ ਘਾਹ ਗਲਾਂ ਵਿਚ ਸਾਫ਼ੇ ਭੇਟ ਨਿਆਜਾਂ ਧਰਦੇ।
ਗੋਲੇ ਬਣ ਗੇ ਘਰੀਂ ਉਨ੍ਹਾਂ ਦੇ ਜਾ ਜਾ ਪਾਣੀ ਭਰਦੇ।
ਨਾਉਂ ਧਰਮ ਦੀ ਵਿਚ ਕਬਰਾਂ ਦੇ ਜਦੋਂ ਘਿਰੀ ਦਿਸ ਆਈ।
ਸਿਰ ਦਾ ਚੱਪੂ ਲਾ ਕੇ .............................

ਚਾਰ ਮੁਗਲ ਫੜ ਲੈ ਜਾਂਦੇ ਸਨ ਤੀਵੀਆਂ ਜਦੋਂ ਹਜ਼ਾਰਾਂ।
ਬੱਚੇ ਕੋਹ ਸੁਟਦੇ ਸੀ ਸਾਹਵੇਂ ਰੋਂਦੀਆਂ ਅਬਲਾ ਨਾਰਾਂ।
ਗਜ਼ਨੀ ਦੇ ਬਾਜਾਰਾਂ ਅੰਦਰ ਲਗੀਆਂ ਦਿਸਨ ਕਤਾਰਾਂ।
ਟੱਕੇ ਟੱਕੇ ਵਿਕਦੀ, ਹਿੰਦੂ ਅਣਖ ਵਿਚ ਬਜਾਰਾਂ।
ਪੀਰ ਫਕੀਰ ਨਾ ਬਹੁੜਿਆ ਕਿਸੇ ਫਰਿਆਦ ਸੁਣੀ ਨਾ ਕਾਈ।
ਸਿਰ ਦਾ ਚੱਪੂ ਲਾ ਕੇ ..............

ਗਿਰਵੀ ਰਖੀ ਆਣ ਅਣਖ ਦਸਮੇਸ਼ ਮੋੜ ਲੈ ਆਏ।
ਨਾੜਾਂ ਅੰਦਰ ਭਰੀ ਬੀਰਤਾ ਜਹੇ ਇੰਜੈਕਸ਼ਨ ਲਾਏ।
ਭੁਰਿਆਂ ਵਾਲੇ ਰਾਜੇ ਕੀਤੇ ਗਿਦੜੋਂ ਸ਼ੇਰ ਬਣਾਏ।
ਝੀਵਰ, ਛੀਬੇਂ, ਨਾਈਆਂ ਜੱਟਾਂ ਦੇ ਹੱਥ ਤੇਗ ਫੜਾਈ
ਸਿਰ ਦਾ ਚੱਪੂ ਲਾ ਕੇ...............................

ਸਾਜ ਖਾਲਸਾ ਭਾਰਤ ਗਲ ਚੋਂ ਤੱਕ ਗੁਲਾਮੀ ਲਾਹਿਆ।
ਸੀਨੇ ਡਾਹ ਪੰਜਾਬੀ ਸ਼ੇਰਾਂ, ਠਲ੍ਹ ਅਜੇਹਾ ਪਾਇਆ।
ਮਾਰਾਂ ਖਾ ਖਾ ਨੱਸੇ ਜ਼ਾਲਮ ਕਰਦੇ ਹਾਇਆ ਹਾਇਆ।
ਅੱਖ ਉੱਠਾ ਕੇ ਭਾਰਤ ਦੇ ਵਲ ਕੋਈ ਸਫਾਕ ਨਾ ਆਇਆ।
ਮੁੜ ਧਰਤੀ ਖੁਸ਼ਹਾਲੀ, ਪਤਝੜ ਗਈ ਬਹਾਰ ਸੁਹਾਈ
ਸਿਰ ਦਾ ਚੱਪੂ ਲਾ ਕੇ......................

ਕਲਗੀਧਰ ਦੇ ਜਿਹਾ ਨਾ ਕੋਈ ਆਇਆ ਜਗ ਤੇ ਦਾਨੀ।
ਜਿਸਨੇ ਕੀਤੀ ਹੋਵੇ ਇਤਨੀ ਦੇਸ਼ ਲਈ ਕੁਰਬਾਨੀ।
ਪਿਤਾ ਸ਼ਹੀਦ ਕਰਾ ਕੇ ਬਖਸ਼ੀ ਭਾਰਤ ਨੂੰ ਜਿੰਦਗਾਨੀ।
ਪੁਤਰ ਕੁਹਾਏ ਦੇਸ਼ ਲਈ ਜਿਸ ਗੋਬਿੰਦ ਸਿੰਘ ਲਾਸਾਨੀ।
ਸਾਰਾ ਹੀ ਸਰਬੰਸ ਵਾਰ ਕੇ ਬੇੜੀ ਪਾਰ ਲਗਾਈ।
ਸਿਰ ਦਾ ਚੱਪੂ ਲਾ ਕੇ ਕਲਗੀਧਰ ਨੇ ਹਿੰਦ ਬਚਾਈ।



www.AKJ.Org

# ਹਰ ਇਨਸਾਨ ਰੋਇਆ

ਸੁਰਜੀਤ ਸਿੰਘ "ਸਾਜਨਾ"

1\. ਤਾਜ ਤਖਤ ਤੇ ਸੁਖ ਆਰਾਮ ਛੱਡਿਆ, ਇਕ ਸ਼ਹਿਨਸ਼ਾਹ ਬਣ ਫਕੀਰ ਤੁਰਿਆ।
ਸਵਰਗ ਨਗਰੀ ਅਨੰਦਪੁਰ ਵੀ ਛੁਟ ਗਈ, ਬਣਨ ਲਈ ਉਹ ਉੱਚ ਦਾ ਪੀਰ ਤੁਰਿਆ।
ਪੋਹ ਦੀ ਰਾਤ ਕਾਲੀ, ਕੁਝ ਨਾ ਨਜ਼ਰ ਆਵੇ, ਐਸਾ ਬਲੀ, ਹਨੇਰੇ ਉਹ ਚੀਰ ਤੁਰਿਆ।
ਸਰਸਾ ਢੁਕਦੀ ਐਸੀ, ਕਿ ਡਰ ਲੱਗੇ, ਪਰ ਅਡੋਲ ਉਹ ਬੰਨ੍ਹ ਕੇ ਧੀਰ ਤੁਰਿਆ।
ਘਰ ਬਾਰ ਛੁੱਟਿਆ ਮਾਲ ਧਨ ਰੁੜਿਆ, ਖੇਰੂੰ ਖੇਰੂੰ ਸੀ ਉਸ ਦਾ ਪਰਿਵਾਰ ਹੋਇਆ।
ਜਿਹੜੇ ਡਰ ਗਏ, ਸਰਸਾ ਦੀ ਭੇਟ ਚੜ੍ਹੇ, ਜਿਹੜਾ ਬੀਰ ਸੀ ਉਹ ਉਸ ਪਾਰ ਹੋਇਆ।

੨ ਲਖਤਿਜਿਗਰ ਦੋ ਆਪਣੇ ਨਾਲ ਤੋਰੇ, ਚਮਕੌਰ ਗੜ੍ਹੀ ਸ਼ਹੀਦ ਕਰਾਉਣ ਦੇ ਲਈ।
ਦੋ ਨੂੰ ਗੁਜਰੀ ਮਾਤਾ ਨਾਲ ਤੋਰ ਦਿੱਤਾ, ਸ਼ਹਿਰ ਸਰਹਿੰਦ 'ਚ ਨੀਹੀਂ ਚਿਣਾਉਣ ਦੇ ਲਈ।
ਮੱਥੇ ਸ਼ਿਕਨ ਨਹੀਂ, ਹੌਂਸਲੇ ਬੁਲੰਦ ਏਨੇ, ਸ਼ੇਰ ਅੱਗੇ ਪਿੱਛੇ ਮੌਤ ਪਰਨਾਉਣ ਦੇ ਲਈ।
ਮੇਰਾ ਪੰਥ ਵਸੇ, ਮੈਂ ਬਰਬਾਦ ਹੋਵਾਂ, ਮੈਂ ਆਇਆਂ ਹਾਂ, ਰੋਂਦੇ ਹਸਾਉਣ ਦੇ ਲਈ।
ਦੋ ਲਾਲ ਕੁਝ ਸਿੰਘਾਂ ਨੂੰ ਨਾਲ ਲੈ ਕੇ, ਦਸਮ ਪਿਤਾ ਚਮਕੌਰ ਵੱਲ ਆ ਪਹੁੰਚੇ।
ਮਾਤਾ ਗੁਜਰੀ ਤੇ ਛੋਟੇ ਲਾਲ ਦੋਵੇਂ, ਗੰਗੂ ਰਸੋਈਏ ਨਾਲ ਖੇੜੀ ਜਾ ਪਹੁੰਚੇ।

3 ਮੋਹਰਾਂ ਦੇਖ ਕੇ ਗੰਗੂ ਦੀ ਨੀਯਤ ਵਿਗੜੀ, ਨਮਕ ਹਲਾਲੀ ਦਾ ਪਾਠ ਵਿਸਾਰ ਬੈਠਾ।
ਪਾਪੀ ਹੋ ਗਿਆ ਮਨ, ਸਤਿਕਾਰ ਭੁੱਲਿਆ, ਗਲਤ ਧਾਰਨਾ ਮਨ ਵਿਚ ਧਾਰ ਬੈਠਾ।
ਲੋਭ ਕੁੱਤਾ ਆ ਜਾਗਿਆ ਧੁਰ ਅੰਦਰ, ਧਰਮ ਅਤੇ ਈਮਾਨ ਨੂੰ ਹਾਰ ਬੈਠਾ।
ਬ੍ਰਾਹਮਣ-ਕੁਲ ਵਿਚ ਲੈ ਕੇ, ਜਨਮ ਭੈੜਾ, ਕੁਲ ਘਾਤੀ ਤੇ ਬਣੇ ਮਕਾਰ ਬੈਠਾ।
ਰਾਤ ਪਈ ਜਦ, ਸੌਂ ਗਏ ਮਾਤ ਗੁਜਰੀ, ਲੋਭੀ ਗੰਗੂ ਕੁਝ ਮੋਹਰਾਂ ਖਿਸਕਾ ਲਈਆਂ।
ਸੁਭਾ ਹੋਈ ਤਾ ਪੁੱਛਿਆਂ ਜਦ ਮਾਤਾ ਜੀ ਨੇ, ਉਸ ਨੇ ਆਖਿਆ ਚੋਰਾਂ ਚੁਰਾ ਲਈਆਂ।

4 ਮੋਹਰਾਂ ਖੁਦ ਚੁਰਾ ਕੇ ਝੂਠ ਬੋਲੇ, ਮਾਤਾ ਆਖਿਆ ਗੰਗੂ ਕੀ ਕਰ ਰਿਹਾ ਏਂ।
ਤੈਨੂੰ ਲੋੜ ਸੀ, ਮੈਥੋਂ ਮੰਗ ਲੈਂਦਾ, ਐਵੇਂ ਮਾਇਆ ਦੀ ਖਾਤਰ ਮਰ ਰਿਹਾ ਏਂ।
ਪਾਪ ਕਰਕੇ, ਕਿਉਂ ਲੁਕਾ ਰਿਹਾ ਹੈਂ, ਕਿਉਂ ਇਲਜ਼ਾਮ, ਕਿਸੇ ਸਿਰ ਧਰ ਰਿਹਾ ਏਂ।
ਗੁਰੂ ਘਰ ਦੀ ਕੀਤੀ ਹੈ ਚਾਕਰੀ ਤੂੰ, ਉਸੇ ਘਰ ਨਾਲ ਦਗ਼ਾ ਕਰ ਰਿਹਾ ਏਂ।
ਸੱਚ ਹੁੰਦਾ ਹੈ ਕੌੜਾ, ਨਹੀਂ ਸੁਣਿਆ ਜਾਵੇ, ਗੰਗੂ ਰੋਹ ਵਿਚ ਆਪੇ ਤੋਂ ਬਾਹਰ ਹੋਇਆ।
ਨਾਲ ਗੁੱਸੇ ਦੇ ਪੁਲਿਸ ਕੋਲ ਜਾ ਪਹੁੰਚਾ, ਨਮਕ ਹਰਾਮੀ ਦਾ ਹੇਜ ਫਿਰ ਜ਼ਾਹਰ ਹੋਇਆ।

5 ਨਮਕ ਹਰਾਮੀ ਨੇ ਦੁੱਧ ਨੂੰ ਲਾਜ ਲਾਈ, ਮਾਤਾ ਗੁਜਰੀ ਤੇ ਬੱਚੇ ਫੜਾ ਦਿੱਤੇ।
ਕੈਦ ਕਰਕੇ ਸਰਹੰਦ ਲਿਆਂਦੇ ਗਏ ਉਹ, ਠੰਡੇ ਬੁਰਜ ਦੇ ਅੰਦਰ ਪੁਚਾ ਦਿੱਤੇ।
ਉਮਰ ਨਿਆਣੀ, ਸੱਤ ਤੇ ਨੌ ਸਾਲ ਦੀ ਹੈ, ਨਿਰਦੋਸ਼ ਬੱਚੇ ਉਸ ਦੋਸ਼ੀ ਬਣਾ ਦਿੱਤੇ।
ਬਾਗ਼ੀ ਬਾਪ ਦੇ ਬਾਗ਼ੀ ਇਹ ਪੁੱਤ ਦੋਵੇਂ, ਵਜੀਦ ਖਾਨ ਨੇ ਫਤਵੇ ਲਗਾ ਦਿੱਤੇ।
ਮਾਤਾ ਗੁਜਰੀ ਨੇ ਬੱਚਿਆਂ ਨੂੰ ਲਾ ਸੀਨੇ, ਪਾਠ ਅਣਖਾਂ ਦਾ ਪੂਰਾ ਪੜ੍ਹਾ ਦਿੱਤਾ।
ਲਾਜ ਦਾਦੇ ਦੀ ਪੱਗ ਨੂੰ ਨਹੀਂ ਲਾਉਣੀ, ਸਭ ਕੁਝ ਜ਼ਿਹਨਦੇ ਵਿਚ ਬਹਾ ਦਿੱਤਾ।


www.AKJ.Org

6 ਪੇਸ਼ ਕੀਤੇ ਕਚਹਿਰੀ ਦੇ ਵਿਚ ਆ ਜਦ, ਨਾਲ ਜੈਕਾਰਿਆਂ ਆਕਾਸ਼ ਗੁੰਜਾ ਦਿੱਤਾ।
ਨਵਾਬ, ਕਾਜ਼ੀ, ਕਹਿੰਦੇ, ਸਭ ਦੰਗ ਹੋਏ, ਦਿਲ ਉਨ੍ਹਾਂ ਦਾ ਧੜਕਣ ਲਾ ਦਿੱਤਾ।
ਨਵਾਬ ਵਜੀਦੇ ਫਿਰ ਸੰਭਲ ਕੇ ਕਿਹਾ ਬੱਚਿਓ, ਸਵਾਬ ਖੱਟ ਲਓ ਦੀਨ ਕਬੂਲ ਕਰਕੇ।
ਡੋਲੇ ਹੂਰਾਂ ਦੇ, ਰਾਜ ਬਹਿਸ਼ਤ ਵਾਲਾ, ਸੁਖ ਚੈਨ ਨਾਲ ਰਹੋ ਵਸੂਲ ਕਰਕੇ।
ਰੋਜ਼ਿ ਮਹਿਸਰ ਤੇ ਕਰੇਗਾ ਮਾਨ ਅੱਲਾ, ਜੈਕਰ ਬਣੋਗੇ ਮੋਮਨ ਅਸੂਲ ਕਰਕੇ।
ਹਾਂ ਕਰ ਦਿਓ, ਹੁਣੇ ਮੈਂ ਬਖਸ਼ਦਾਂ ਹਾਂ, ਸਜ਼ਾ ਪਾਓਗੇ ਹੁਕਮ ਅਦੂਲ ਕਰਕੇ।

7 ਰੋਹ ਵਿਚ ਆ ਕੇ ਕੜਕ ਜੁਆਬ ਦਿੱਤਾ, ਲਾਲਚ ਦੇ ਕੇ ਨਾ ਭਰਮਾ ਸਾਨੂੰ।
ਸਿਰ ਕੱਫਨ ਬੰਨ੍ਹ ਤਲੀ ਤੇ ਸੀਸ ਰੱਖ ਕੇ, ਅਸੀਂ ਆਏ ਹਾਂ ਮੌਤ ਮਿਲਾ ਸਾਨੂੰ।
ਕੀ ਹੋਇਆ ਜੇ ਸਾਡੀ ਉਮਰ ਛੋਟੀ, ਬੱਚੇ ਸਮਝ ਕੇ ਨਾ ਡਰਾ ਸਾਨੂੰ।
ਤੇਰੇ ਦੀਨ ਨੂੰ ਨਹੀਂ ਕਬੂਲ ਕਰਨਾ, ਜੇਹੜੀ ਦੇਣੀ ਤੂੰ ਦੇ ਦੇ ਸਜ਼ਾ ਸਾਨੂੰ।
ਸਾਡੀ ਅਣਖ ਨੂੰ ਨਾ ਵੰਗਾਰ ਸੂਬੇ, ਸਿੱਖੀ ਛਡਣੀ ਨਹੀਂ ਅਸੀਂ ਸ਼ਹੀਦ ਹੋਣਾ।
ਬਾਬੇ ਨਾਨਕ ਦੇ ਘਰ ਦੇ ਵਾਰਿਸ ਅਸੀਂ, ਹੋਰ ਕਿਸੇ ਦੇ ਨਹੀਂ ਮੁਰੀਦ ਹੋਣਾ।

8 ਦੀਨ ਇਸਲਾਮ ਨੂੰ ਨਹੀਂ ਕਬੂਲ ਕੀਤਾ, ਸਾਹਿਬਜ਼ਾਦਿਆਂ ਨੇ ਫੈਸਲਾ ਸੁਣਾ ਦਿੱਤਾ।
ਨਹੀਂ ਉਮਰ ਦਾ ਭੋਰਾ ਲਿਹਾਜ਼ ਕੀਤਾ, ਵਕਤ ਦੇ ਹਾਕਮ ਨੇ ਫਤਵਾ ਲਗਾ ਦਿੱਤਾ।
ਸੁੱਚਾ ਨੰਦ ਜਿਹੇ ਪੰਥ ਦੇ ਦੋਖੀਆਂ ਨੇ, ਤੇਲ ਬਲਦੀ ਹੋਈ ਅੱਗ ਤੇ ਪਾ ਦਿੱਤਾ।
ਮੱਤ ਮਾਰੀ ਮੁਤੱਸਬ ਨੇ ਹਾਕਮਾਂ ਦੀ ਮਾਸੂਮ ਜਿੰਦਾਂ ਨੂੰ ਨੀਹੀਂ ਚਿਣਾ ਦਿੱਤਾ।
ਧਰਤ ਕੰਬੀ ਅਸਮਾਨ ਨੇ ਰੋਏ ਅੱਥਰੂ, ਫੁੱਲ ਪੱਤੇ, ਪਰਿੰਦੇ, ਹੈਵਾਨ ਰੋਇਆ।
ਦਿਨ ਦਿਹਾੜੇ ਇਹ ਕੈਸਾ ਹਨੇਰ ਮਚਿਆ, "ਸਾਜਨ" ਦੁਖੀ ਹੋ, ਹਰ ਇਕ ਇਨਸਾਨ ਰੋਇਆ।

## ਧੰਨ ਧੰਨ ਸਤਿਗੁਰੂ ਜੀ

ਨਰਿੰਦਰ ਕੌਰ ਫੋਰੋਚੇਚੀ (ਗੁਰਦਾਸਪੁਰ)

*ਤੁਸੀ ਦਿਆਲੂ, ਮਿਹਰਵਾਨ ਸਤਿਗੁਰੂ ਜੀ । ਕਿਸੇ ਨਾਲ ਵੈਰ ਵਿਰੋਧ ਨਹੀਂ।*
*ਸਭਨਾ ਦੀ ਪ੍ਰਤਿਪਾਲਨਾ ਕਰਨ ਵਾਲੇ । ਦੁਈ ਦੀ ਤਾ ਕੋਈ ਗੱਲ ਹੀ ਨਹੀਂ।*
*ਤੁਹਾਡੇ ਵਿਚ ਲੱਖਾ ਹੀ ਗੁਣ, ਗੁਣ ਕਥਨ ਤੋਂ ਬਾਹਰ।*
*ਤੁਹਾਡੀ ਮਹਿਮਾ ਦਾ ਕੋਈ ਅੰਤ ਨਹੀਂ। ਅਸੀਂ ਅਪਰਾਧੀ ਸਦਾ ਹੀ ਭੁੱਲਨਹਾਰ*
*ਤੁਸੀ ਬਖਸਣਹਾਰ, ਤੁਹਾਡੇ ਵਰਗਾ ਦਇਆਲੂ ਕੋਈ ਨਹੀਂ।*
*ਧੰਨ ਧੰਨ ਸਤਿਗੁਰੂ ਜੀ, ਤੁਹਾਡੇ ਜਿਹਾ ਕੋਈ ਨਹੀਂ।*
*ਜਿਹੜਾ ਤੁਹਾਡੇ ਦਰ ਆ ਜਾਵੈ । ਮੂੰਹੋਂ ਮੰਗੀਆਂ ਮੁਰਾਦਾਂ ਪਾਵੇ।।*
*ਸਭਨਾਂ ਲਈ ਦਰਵਾਜੇ ਖੁਲੇ । ਭੇਦ ਭਾਵ ਵੀ ਕੋਈ ਨਹੀਂ।*
*ਜੋ ਬੇੜਾ ਸਿਦਕ ਦਾ ਠਲ ਦੇਵੇ ਸਤਿਗੁਰੂ ਹੀ ਲਾਉਂਦੇ ਉਸ ਨੂੰ ਪਾਰ"*
*ਧੰਨ ਧੰਨ ਸਤਿਗੁਰੂ ਜੀ "ਜਿੰਨ੍ਹਾ ਜਿਹਾ ਕੋਈ ਵੀ ਨਹੀਂ"*
*ਜਿੰਨ੍ਹਾ ਜਿਹਾ ਕੋਈ ਵੀ ਨਹੀਂ।*



www.AKJ.Org

# ਨੰਨ੍ਹੀਆਂ ਜਿੰਦਾਂ ਦੀ ਅਦੁੱਤੀ ਸ਼ਹਾਦਤ

ਵਲੋਂ :- ਅਜੀਤ ਕੌਰ ਲੁਧਿਆਣਾ

ਸਿੱਖ ਇਤਿਹਾਸ ਤੇ ਨਜ਼ਰ ਮਾਰਦਿਆਂ ਹੀ ਅਦੁੱਤੀ ਸ਼ਹਾਦਤਾਂ ਦੀ ਇੱਕ ਲੜੀ ਨਜ਼ਰ ਪੈਂਦੀ ਹੈ। ਜਿਸ ਦੇ ਸਭ ਤੋਂ ਸ਼੍ਰੋਮਣੀ ਸ਼ਹੀਦ ਗੁਰੂ ਅਰਜਨ ਦੇਵ ਜੀ ਸਨ ਤੇ ਉਸ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਤੇ ਉਹਨਾਂ ਦੇ ਨਾਲ ਹੀ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਸਨ ਜਿਨ੍ਹਾਂ ਨੇ ਲਾਸਾਨੀ ਸ਼ਹਾਦਤਾਂ ਦਿੱਤੀਆਂ ਪਰ ਮਾਸੂਮ ਬੱਚਿਆਂ ਦੀ ਸ਼ਹਾਦਤ ਸਿੱਖ ਇਤਿਹਾਸ ਦਾ ਇੱਕ ਮੀਲ-ਪੱਥਰ ਹੈ। ਸਿੱਖ ਕੋਮ ਦੇ ਹਿਰਦਿਆਂ ਦੇ ਸ਼ਾਂਤ ਸਮੁੰਦਰ ਵਿੱਚ ਜਜ਼ਬਾਤਾਂ ਦਾ ਜਵਾਰ-ਭਾਟਾ ਨਿੱਕੇ ਬਾਲਾਂ ਦੇ ਵੱਡੇ ਸਾਕੇ ਨਾਲ ਆਇਆਂ ਸਿੱਖ ਹਿਰਦਿਆਂ ਨੂੰ ਜਿਨ੍ਹਾਂ ਹਲੂਣਾ ਸਰਹਿੰਦ ਦੀ ਦੀਵਾਰ ਨੇ ਦਿੱਤਾ ਉਸਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਕਠਨ ਹੈ। ਕਿਸੇ ਸ਼ਾਇਰ ਦੀਆਂ ਇਹ ਸਤਰਾਂ ਇਸ ਮਹਾਨ ਸ਼ਹਾਦਤ ਨੂੰ ਇਸ ਤਰ੍ਹਾਂ ਵਰਨਣ ਕਰਦੀਆਂ ਹਨ :-

"ਫੂਲ ਦੋ ਦਿਨ ਬਹਾਰੇਂ ਜਾਂ ਖਿਜ਼ਾ ਦਿਖਲਾ ਗਏ
ਹਸਰਤ ਉਨ ਗੁੰਚੋਂਪੇ ਹੈ ਜੋ ਬਿਨ ਖਿਲੇ ਮੁਰਝਾ ਗਏ।"

ਉਹ ਹਾਕਮ-ਮਾਲੀ ਕਿੰਨਾ ਕਠੋਰ ਦਿਲ ਸੀ ਜਿਸਨੇ ਉਹਨਾ ਗੁੰਚਿਆਂ ਨੂੰ ਖਿੜਨ ਤੋਂ ਪਹਿਲਾਂ ਹੀ ਡਾਲੀ ਨਾਲੋਂ ਤੋੜ ਸੁਟਿਆ। ਇਸ ਹਿਰਦੇਵੇਦਕ ਅਣਮਨੁੱਖੀ ਘਟਨਾ ਨੇ ਸਿਖ ਹਿਰਦਿਆਂ ਨੂੰ ਵਲੂੰਦਰ ਕੇ ਰੱਖ ਦਿੱਤਾ।

ਇੱਕ ਮਹਾਨ ਪੱਛਮੀ ਵਿਦਵਾਨ ਮਿਸਟਰ ਟਰੰਪ ਨੇ ਆਪਣੀ ਪੁਸਤਕ ਵਿੱਚ ਲਿਖਿਆ ਹੈ ਕਿ ਜਦੋਂ ਤੱਕ ਸਿੱਖਾਂ ਕੋਲ ਇਹ ਜ਼ਮੀਨ ਹੈ ਉਨ੍ਹਾਂ ਚਿਰ ਸਿਖ-ਧਰਮ ਡੋਲ ਨਹੀਂ ਸਕਦਾ। ਪੁੱਛਿਆ ਗਿਆ ਕਿ 'ਕਿਹੜੀ ਜ਼ਮੀਨ?' ਤਾਂ ਉਤਰ ਮਿਲਿਆ ਕਿ 'ਉਹ ਦੀਵਾਰ ਜਿਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਮਾਸੂਮ ਬਾਲ ਚਿਣੇ ਗਏ ਤੇ ਦੂਜੀ ਜ਼ਮੀਨ ਗੁਰਦੁਆਰਾ ਜੋਤੀ-ਸਰੂਪ ਜਿੱਥੇ ਮਾਂ ਗੁਜਰੀ ਤੇ ਛੋਟੇ ਸਾਹਿਬਜ਼ਾਦਿਆਂ ਦੇ ਸਰੀਰਾਂ ਦਾ ਸਸਕਾਰ ਟੋਡਰ-ਮੱਲ ਨੇ ਜ਼ਾਲਮਾਂ ਤੋਂ ਮੋਹਰਾਂ ਵਿਛਾ ਕੇ ਮੁੱਲ ਲੈ ਕੇ ਕੀਤਾ ਸੀ। ਭਾਈ ਵੀਰ ਸਿੰਘ ਜੀ ਦੇ ਛੋਟੇ ਭਰਾ ਭਾਈ ਬਲਬੀਰ ਸਿੰਘ ਜੀ ਨੇ ਇਸ ਖੂਨੀ ਦੀਵਾਰ ਬਾਰੇ ਇਸ ਤਰ੍ਹਾਂ ਲਿਖਿਆ ਹੈ :-

'ਸਰਹਿੰਦ ਦੀ ਦੀਵਾਰ ਇੱਕ ਨਖਮੀਨਾ ਹੈ ਜਿਸ ਤੋਂ ਗੁਰੂ ਗੋਬਿੰਦ ਸਿੰਘ ਪਿਤਾ ਦੇ ਜਿਗਰ ਦੀ ਬੁਲੰਦੀ ਵੇਖੀ ਜਾ ਸਕਦੀ ਹੈ। ਇਹ ਦੀਵਾਰ ਇਕ ਤਰਾਜੂ ਹੈ ਜਿਸ ਵਿੱਚ ਦੁਸ਼ਟਾਂ ਦਾ ਵਹਿਸ਼ੀਪੁਣਾ ਤੋਲਿਆ ਜਾ ਸਕਦਾ ਹੈ। ਇਹ ਦੀਵਾਰ ਇਕ ਪੈਮਾਨਾ ਵੀ ਹੈ ਜਿਸ ਨਾਲ ਮਾਸੂਮਾਂ ਦੇ ਸਬਰ ਨੂੰ ਮਿਣਿਆ ਜਾ ਸਕਦਾ ਹੈਂ ਇਹ ਇੱਕ ਅਟੱਲ ਸਚਾਈ ਹੈ ਕਿ ਟੁੱਟੇ ਹੋਏ ਸਾਜ਼ਾਂ ਵਿੱਚੋਂ ਸੰਗੀਤ ਪੈਦਾ ਨਹੀਂ ਕੀਤਾ ਜਾ ਸਕਦਾ ਤੇ ਬੁੱਝੀ ਹੋਈ ਸ਼ਮ੍ਹਾਂ ਰੌਸ਼ਨੀ ਨਹੀਂ ਦੇ ਸਕਦੀ ਪਰ ਇਸ ਫ਼ਰਜ਼ੀ ਸੱਚ ਨੂੰ ਸਿੱਖੀ ਸਿਧਾਂਤ ਤੋਂ ਜਾਣੂੰ ਇੱਕ ਸ਼ਾਇਰ ਨੇ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਉਹ ਬੋਲ ਉਠਿਆ, 'ਆਓ ਤੱਕੋ ਸਰਹਿੰਦ ਦੀ ਦੀਵਾਰ ਜਿੱਥੇ :-

'ਸਾਜ਼ਾਂ ਟੁੱਟ ਕੇ ਗਾਇਆ ਇਸ਼ਕ ਦੇ ਇਕ ਤਰਾਨੇ ਨੂੰ।
ਸ਼ਮਾਂ ਬੁਝ ਕੇ ਵੀ ਦੇ ਰਹੀ ਏ ਚਾਨਣ ਜ਼ਮਾਨੇ ਨੂੰ।'

ਸ਼ਹਾਦਤ ਦੇਣ ਸਮੇਂ ਮਾਸੂਮ ਬੱਚਿਆਂ ਦੀ ਉਮਰ ਹੀ ਕੀ ਸੀ? ਜ਼ੋਰਾਵਰ ਸਿੰਘ ਦੀ ਉਮਰ ਸੱਤ ਸਾਲ ਤੇ ਫ਼ਤਹਿ ਸਿੰਘ ਦੀ ਉਮਰ ਪੰਜ ਸਾਲ ਸੀ। ਉਹਨਾਂ ਦੇ ਸਰੀਰਾਂ ਦੇ ਸਾਜ਼ ਟੁੱਟ ਗਏ ਤੇ ਟੁੱਟਿਆਂ ਨੂੰ ਵੀ ਤਿੰਨ ਸਦੀਆਂ ਬੀਤ ਗਈਆਂ ਹਨ ਪਰ ਅਣਖ ਤੇ ਗੈਰਤ ਦਾ ਸੰਗੀਤ ਅਜੇ ਵੀ ਸੁਣਾਈ ਦੇ ਰਿਹਾ ਹੈ। ਦਸ਼ਮੇਸ਼ ਜੀ ਦੇ ਦੋ ਦੀਪਕ ਬੁਝਾ ਦਿੱਤੇ ਗਏ, ਉਹਨਾਂ ਬੁਝਿਆਂ ਨੂੰ ਬਹੁਤ ਦੇਰ ਹੋ ਚੁੱਕੀ ਹੈ ਪਰ ਸਿੱਖ ਜਗਤ ਨੂੰ ਉਹ ਅੱਜ ਵੀ ਚਾਨਣ ਵੰਡ ਰਹੇ ਹਨ।

ਸੋਚਣ ਵਿਚਾਰਨ ਵਾਲੀ ਗੱਲ ਤਾਂ ਇਹ ਹੈ ਕਿ ਏਨੀ ਛੋਟੀ ਉਮਰ ਸ਼ਹਾਦਤ ਦੇਣ ਦੀ ਹਿੰਮਤ ਤੇ ਦਲੇਰੀ ਆਈ ਕਿਥੋਂ? ਜੇ ਥੋੜੀ ਜਿਹੀ ਡੂੰਘੀ ਵਿਚਾਰ ਕੀਤੀ ਜਾਵੇ ਤਾਂ ਇਹ ਤੱਥ ਉਘੜ ਕੇ ਸਾਹਮਣੇ ਆਉਂਦਾ ਹੈ ਕਿ ਇਹਨਾਂ ਬੱਚਿਆਂ ਨੂੰ ਪ੍ਰੀਵਾਰਕ ਮਾਹੌਲ ਵਿੱਚੋਂ ਇਹ ਵਰਦਾਨ ਪ੍ਰਾਪਤ ਹੋਇਆ ਜਿਸ ਵਿੱਚ ਦਾਦੀ ਮਾਤਾ ਗੁਜਰੀ ਜੀ ਦਾ ਸਭ ਤੋਂ ਵੱਧ ਹਿੱਸਾ ਸੀ। ਉਹਨਾਂ ਨੇ ਤਾਂ ਆਪਣੇ ਲਾਡਲੇ ਬੇਟੇ ਗੋਬਿੰਦ ਰਾਏ ਪ੍ਰਤੀ ਪਿਤਾ



www.AKJ.Org

ਦੀ ਸ਼ਹਾਦਤ ਤੋਂ ਬਾਅਦ ਮਾਂ ਤੇ ਬਾਪ ਵਾਲੇ ਸਾਰੇ ਫਰਜ਼ ਪੂਰੇ ਕੀਤੇ ਸਨ ਅਤੇ ਉਹਨਾਂ ਵਿੱਚ ਜ਼ੁਲਮ ਦੇ ਵਿਰੁੱਧ ਡੱਟਣ ਦਾ ਜਜ਼ਬਾ ਕੁੱਟ-ਕੁੱਟ ਕੇ ਭਰਿਆ ਸੀ।

ਮਾਤਾ ਗੁਜਰੀ ਜੀ ਸੰਸਾਰ ਦੀਆਂ ਸੁਭਾਗਵਾਨ ਇਸਤ੍ਰੀਆਂ ਵਿੱਚੋਂ ਇੱਕ ਸਨ ਆਪ ਜੀ ਨੂੰ ਕੁਰਬਾਨੀ ਦੇ ਪੁੰਜ ਗੁਰੂ ਤੇਗ ਬਹਾਦਰ ਜੀ ਦੀ ਪਤਨੀ ਹੋਣ ਦਾ ਮਾਣ ਪ੍ਰਾਪਤ ਹੋਇਆ। ਖਾਲਸੇ ਦੇ ਸਿਰਜਣਹਾਰੇ, ਮਜ਼ਲੂਮਾਂ ਦੇ ਰਾਖੇ ਤੇ ਪੁਤਰਾਂ ਦੇ ਦਾਨੀ, ਧਰਮ ਦੇ ਰਖਿਅਕ ਦਸਮ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਹੋਣ ਦਾ ਗੌਰਵ ਹਾਸਲ ਹੋਇਆ। ਦੁਨੀਆਂ ਦੇ ਇਤਿਹਾਸ ਵਿੱਚ ਬੇ-ਮਿਸਾਲ ਸ਼ਹਾਦਤਾਂ ਦੇਣ ਵਾਲੇ ਚਾਰ ਪੋਤਰਿਆਂ ਦੀ ਦਾਦੀ ਹੋਣ ਦਾ ਸਿਹਰਾ ਵੀ ਆਪ ਜੀ ਦੇ ਸਿਰ ਹੈ। ਬਚਪਨ ਤੋਂ ਹੀ ਆਪ ਨੇ ਬੱਚਿਆਂ ਸੂਰਬੀਰਾਂ ਬਹਾਦਰਾਂ, ਤੇ ਅਣਖੀਲੇ ਦੇਸ਼ ਭਗਤਾਂ ਦੀਆਂ ਗਾਥਾ ਸੁਣਾ-ਸੁਣਾ ਕੇ ਉਹਨਾ ਅੰਦਰ ਬੀਰਤਾ, ਦਲੇਰੀ, ਹਿੰਮਤ, ਦੇਸ਼ ਭਗਤੀ, ਧਰਮ ਲਈ ਕੁਰਬਾਨ ਹੋਣਾ, ਜ਼ੁਲਮ ਦੇ ਵਿਰੁੱਧ ਲੜਨ ਦਾ ਜਜ਼ਬਾ ਕੁੱਟ-ਕੁੱਟ ਕੇ ਭਰ ਦਿੱਤਾ ਸੀ।

ਕਿਹਾ ਜਾਂਦਾ ਹੈ ਕਿ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਤੋਂ ਪਹਿਲੀ ਰਾਤ ਮਾਤਾ ਜੀ ਕੜਾਕੇ ਦੀ ਸਰਦੀ ਵਿੱਚ ਦੋਹਾਂ ਬੱਚਿਆਂ ਨੂੰ ਗੋਦੀ ਵਿੱਚ ਲੈਕੇ ਨਿੱਘ ਦੇਂਦੇ ਰਹੇ ਤੇ ਉਹਨਾਂ ਨੂੰ ਧਰਮ ਤੇ ਈਮਾਨ ਕਾਇਮ ਰੱਖਣ ਦੀ ਸਿਖਿਆ ਦੇਂਦੇ ਰਹੇ। ਉਹਨਾ ਗੁਰੂ ਅਰਜਨ ਦੇਵ ਤੇ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦੀ ਗਾਥਾ ਸੁਣਾ ਕੇ ਧਰਮ ਤੇ ਦ੍ਰਿੜ ਰਹਿਣ ਦੀ ਪ੍ਰੇਰਨਾ ਕਰਦੇ ਰਹੇ। ਇਸ ਤਰ੍ਹਾਂ ਉਹਨਾਂ ਨੇ ਬੱਚਿਆਂ ਨੂੰ ਸ਼ਹਾਦਤ ਲਈ ਤਿਆਰ ਬਰ ਤਿਆਰ ਕਰ ਦਿੱਤਾ।

ਸੂਬਾ ਸਰਹਿੰਦ ਨੇ ਬੱਚਿਆਂ ਨੂੰ ਕਚਿਹਰੀ ਵਿੱਚ ਬੁਲਾ ਕੇ ਕਈ ਤਰ੍ਹਾਂ ਦੇ ਲਾਲਚ ਦਿੱਤੇ, ਡਰਾਇਆ, ਧਮਕਾਇਆ ਪਰ ਉਹਨਾਂ ਨੇ ਸੂਬੇ ਦੀ ਈਨ ਨਹੀਂ ਮੰਨੀ ਤੇ ਆਪਣੇ ਦ੍ਰਿੜ ਇਰਾਦੇ ਤੋਂ ਜ਼ਰਾ ਵੀ ਖਿੜਕੇ ਨਹੀਂ। ਜਦੋਂ ਸੂਬਾ ਬੱਚਿਆਂ ਤੋਂ ਆਪਣੀ ਈਨ ਮਨਵਾਉਣ ਤੋਂ ਅਸਮਰੱਥ ਰਿਹਾਂ ਤਾਂ ਉਹਦੇ ਅੰਦਰ ਜਰੂਰ ਕ੍ਰੋਧ ਦੀ ਅੱਗ ਭੜਕੀ ਹੋਵੇਗੀ ਤੇ ਉਸਦਾ ਸਵੈਮਾਣ ਟੁੱਟ ਕੇ ਤਾਰ-ਤਾਰ ਹੋ ਗਿਆ ਹੋਵੇਗਾ ਤੋਂ ਗੁੱਸੇ ਵਿੱਚ ਉਸਨੇ ਮਾਸੂਮ ਬੱਚਿਆਂ ਨੂੰ ਸ਼ਹੀਦ ਕਰਵਾ ਦਿੱਤਾ। ਸੂਬੇ ਦੇ ਜ਼ੁਲਮ ਦੀ ਕਹਾਣੀ ਨੂੰ ਸੁਣ ਕੇ ਲੁਕਾਈ ਤ੍ਰਾਹ-ਤ੍ਰਾਹ ਕਰ ਉਠੀ ਪਰ ਬੱਚਿਆਂ ਦੀ ਲਾਸਾਨੀ ਸ਼ਹਾਦਤ ਦੀ ਕਹਾਣੀ ਸਿੱਖ ਇਤਿਹਾਸ ਦੇ ਸੁਨਿਹਰੀ ਪੰਨਿਆਂ ਤੇ ਜੱਗਾਂ-ਜੁਗਾਂ ਤੱਕ ਉਕਰੀ ਰਹੇਗੀ। ਉਹਨਾਂ ਬੱਚਿਆਂ ਦੀ ਕੁਰਬਾਨੀ ਨੇ ਸਿੱਖ-ਕੌਮ ਦੀਆਂ ਨੀਹਾਂ ਨੂੰ ਮਜ਼ਬੂਤ ਕਰ ਦਿੱਤਾ ਹੈ।

ਅੱਜ ਦੀ ਲੋੜ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਧਰਮ ਨਾਲ ਜੋੜੀਏ। ਸਿੱਖ-ਇਤਿਹਾਸ ਦੇ ਸੁਨਹਿਰੀ ਪੰਨਿਆਂ ਤੇ ਉਹਨਾਂ ਦੀ ਝਾਤ ਪੁਵਾਈਏ। ਆਪਣੇ ਗੁਰੂਆਂ ਦੀਆਂ ਕੁਰਬਾਨੀਆਂ ਬਾਰੇ ਉਹਨਾਂ ਨੂੰ ਜਾਣਕਾਰੀ ਦੇਈਏ। ਸਕੂਲ ਵਿੱਚ ਵੀ ਉਹਨਾਂ ਨੂੰ ਧਰਮ ਬਾਰੇ ਪੁਸਤਕਾਂ ਪੜ੍ਹਾਈਆਂ ਜਾਣ। ਇਹ ਮਾਪੇ-ਅਧਿਆਪਕਾਂ ਦੀ ਸਾਂਝੀ ਜ਼ਿੰਮੇਵਾਰੀ ਹੈ ਨਹੀਂ ਤਾਂ ਅਜਕਲ੍ਹ ਬੱਚੇ ਟੀ.ਵੀ. ਪ੍ਰੋਗਰਾਮਾਂ ਵਿੱਚ ਪੂਰੀ ਤਰ੍ਹਾਂ ਖੱਚਤ ਹੋ ਕੇ ਸਿਖੀ ਸਰੂਪ ਗੁਆ ਬੈਠੇ ਹਨ। ਉਹਨਾਂ ਨੂੰ ਭੁੱਲ ਗਿਆ ਹੈ ਕਿ ਏਨੀ ਛੋਟੀ ਜਿਹੀ ਉਮਰ ਵਿੱਚ ਗੁਰੂ ਜੀ ਦੇ ਬੱਚਿਆਂ ਨੇ ਧਰਮ ਪਿਛੇ ਸ਼ਹਾਦਤ ਦਿੱਤੀ ਸੀ। ਹਰ ਸਾਲ ਗੁਰਪੁਰਬ ਤੇ ਬੱਚਿਆਂ ਦੀ ਕੁਰਬਾਨੀ ਨੂੰ ਯਾਦ ਕਰ ਲੈਣਾ ਹੀ ਕਾਫ਼ੀ ਨਹੀਂ। ਉਸ ਤੋਂ ਕੁਝ ਸਿਖਣਾ ਤੇ ਉਸਤੇ ਅਮਲ ਕਰਨਾ ਵੀ ਬੇ-ਹੱਦ ਜ਼ਰੂਰੀ ਹੈ। ਇਕ ਕਵੀ ਨੇ ਮਹਾਨ ਬੱਚਿਆਂ ਦੀ ਸ਼ਹਾਦਤ ਬਾਰੇ ਇਸ ਤਰ੍ਹਾਂ ਲਿਖਿਆ ਹੈ।

'ਤੇਗ ਜੀ ਦੇ ਪੋਤਰ੍ਹੇ, ਤੇਗਾਂ ਚਲਾਂਦੇ ਚਲੇ ਗਏ।
ਮੌਤ ਸਾਹਵੇਂ ਜ਼ਿੰਦਗੀ ਦੇ ਗੀਤ ਗਾਂਦੇ ਚਲੇ ਗਏ।
ਵੇਖਿਆ ਕਿ ਪਿਤਾ ਤੋਂ ਪੁੱਤ ਵੀ ਪੋਲੇ ਨਹੀਂ।
ਵੱਡਿਆਂ ਕੀ ਡੋਲਣਾ, ਮਾਸੂਮ ਵੀ ਡੋਲੇ ਨਹੀਂ।
ਮਾਂ ਗੁਜਰੀ ਬੱਚਿਆਂ ਦੇ, ਨਾਲ ਰਲ ਕੇ ਗੁਜ਼ਰ ਗਈ।
ਜੋ ਵੀ ਆਈਆਂ ਔਕੜਾਂ ਉਹ ਸੀਸ ਝੱਲਕੇ ਗੁਜਰ ਗਈ।
ਉਦੋ ਅਨੋਖੇ ਆਸ਼ਕਾਂ ਵਿੱਚ ਇਸ਼ਕ ਨੂੰ ਗਿਣਿਆਂ ਗਿਆ
ਜਦੋਂ ਤੇਸੀਆਂ ਤੇ ਕਾਂਡੀਆਂ ਨਾਲ ਸਬਰ ਨੂੰ ਮਿਣਿਆ ਗਿਆ।


www.AKJ.Org

# ਸਿੱਖੀ ਵਿਚ ਜਾਤ ਪਾਤ ਤੇ ਕਰਮ ਕਾਂਡੀ ਹਿੰਦੂ ਰੀਤਾਂ

(ਭਾਈ ਰਾਮ ਸਿੰਘ ਜੀ ਗੇਵ੍ਜੈਂਡ)

ਸਿੱਖੀ ਨਾਲ ਪਿਆਰ ਤੇ ਦਰਦ ਰੱਖਣ ਵਾਲੇ ਕਈ ਲੇਖਕਾਂ ਨੇ ਸਿੱਖੀ ਵਿਚ ਵਿਵਰਜਤ ਕਾਂਡ ਤੇ ਜਾਤ ਪਾਤ ਬਾਰੇ ਕਈ ਢੰਗਾਂ ਨਾਲ ਲਿਖ ਕੇ ਸਿੱਖ ਪੰਥ ਨੂੰ ਇਨ੍ਹਾਂ ਲਈ ਕੁਝ ਕਰਨ ਲਈ ਝੰਜੋੜਨ ਦੀ ਕਈ ਵਾਰ ਕੋਸ਼ਿਸ਼ ਕੀਤੀ ਹੈ। ਕਿਸੇ ਸਤਿਕਾਰਯੋਗ ਲੇਖਕ ਨੇ ਆਪਣਾ ਦਿਲੀ ਦਰਦ 'ਕਰਮ ਕਾਂਡ ਵਿਚ ਉਲਝ ਰਿਹਾ ਸਿੱਖ ਪੰਥ' ਲੇਖ ਰਾਹੀਂ ਜਦ ਕਿ ਕਿਸੇ ਹੋਰ ਮਾਨਯੋਗ ਲੇਖਕ ਨੇ 'ਜਾਤ ਪਾਤ ਪ੍ਰਤੀ ਤੰਗ ਨਜਰੀਏ' ਨੂੰ ਤਿਆਗਣ ਲਈ ਚੁਣੌਤੀ ਦਿੱਤੀ ਤੇ ਵੰਗਾਰ ਪਾਈ। ਐਸੀਆਂ ਵੰਗਾਰਾਂ ਤੇ ਚੁਣੌਤੀਆਂ ਹੋਊ ਪਰੇ ਕਰਕੇ ਛੱਡਣ ਵਾਲੀਆਂ ਨਹੀਂ। ਇਨ੍ਹਾਂ ਸੰਬੰਧੀ ਕੁਝ ਠੋਸ ਕਦਮ ਚੁੱਕਣ ਦੀ ਲੋੜ ਹੈ ।

ਪਰ ਇਸ ਤੋਂ ਪਹਿਲਾਂ ਕੁਝ ਬਹੁਤ ਗੰਭੀਰ ਸਵਾਲਾਂ ਤੇ ਵਿਚਾਰ ਕਰਨ ਦੀ ਲੋੜ ਹੈ। ਉਹ ਇਹ ਕਿ ਗੁਰੂ ਜੀ ਦੀ ਸਿਖਿਆ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਦੇ ਅਨੁਸਾਰੀ ਸਿਖ ਪੰਥ, ਜਿਸ ਨੇ ਇਸ ਸਿੱਖਿਆ ਤੇ ਚਲ ਕੇ ਅਨੇਕਾਂ ਮਿਸਾਲਾਂ ਪੈਦਾ ਕੀਤੀਆਂ, ਵਿਚ ਮੁੜ ਵੱਖੋ ਵੱਖ ਜਾਤ ਪਾਤ ਦਾ ਕੋਹੜ ਕਿਵੇ ਂ ਪੈਦਾ ਹੋ ਗਿਆ ? ਸਿਖ ਦੀਆਂ ਖਾਸ ਸਿਫ਼ਤਾਂ ਨਿਮਰਤਾ, ਉੱਚੀ ਮਤ, ਤਿਆਗ ਆਦਿ ਦੀ ਥਾਂ ਹੂੜ ਮੱਤ, ਨੀਵੀਂ ਮੱਤ, ਬਿਨਾਂ ਯੋਗਤਾ ਦੇ ਹੀ ਕੁਰਸੀ ਦੀ ਭੁੱਖ ਆਦਿ ਕਿਵੇਂ ਆ ਚਿੰਬੜੀਆਂ ? ਕਿਸੇ ਤਰ੍ਹਾਂ ਦੇ ਦਿਖਾਵੇ ਤੋਂ ਬਿਨਾਂ ਪ੍ਰਮਾਤਮਾ ਨਾਲ ਨਾਮ ਰਾਹੀਂ ਪ੍ਰੇਮ ਪੀਘਾਂ ਪਾਉਣ ਦੀ ਥਾਂ ਬ੍ਰਾਹਮਣੀ ਕਰਮ ਕਾਂਡ ਤੇ ਹੋਰ ਕੁਰੀਤੀਆਂ ਕਿਵੇਂ ਆ ਚਿੰਬੜੀਆਂ ?

ਸਿੱਖ ਦੀ ਅਸਲੀਅਤ ਨੂੰ ਸਮਝਣ ਵਾਲੇ ਜਾਣਦੇ ਹਨ ਕਿ ਗੁਰੂ ਜੀ ਦੀ ਸਿੱਖੀ ਤੇ ਚੱਲਣ ਵਾਲੇ ਦੂਲਿਆਂ ਨੇ ਸਿੱਖੀ ਨਿਭਾਉਣ ਅਤੇ ਅੰਤ ਪ੍ਰਮਾਤਮਾ ਦੀ ਗੋਦ ਦਾ ਨਿੱਘ ਮਾਨਣ ਲਈ ਕੀ ਕੁਝ ਨਹੀਂ ਕੀਤਾ, ਲਿਖਣ ਦੀ ਲੋੜ ਨਹੀਂ। ਪਰ ਜਦ ਉਹ ਦੂਲੇ ਸਿੱਖੀ ਕਮਾ ਰਹੇ ਸਨ ਤਾਂ ਉਹ ਆਪਣਾ ਕੋਈ ਵੀ ਟਿਕਾਣਾ ਨਾ ਹੋਣ ਤੇ ਵੀ ਨਵਾਬੀਆਂ ਨੂੰ ਲੱਤ ਮਾਰ ਕੇ, ਗੁਰੂ ਨਾਨਕ ਸਾਹਿਬ ਵਲੋਂ ਚਲਾਏ ਤੇ ਦਸਵੇਂ ਜਾਮੇ ਵਿਚ ਸਿਰੇ ਚੜ੍ਹਾਏ ਨਿਰਮਲ ਤੇ ਨਿਆਰੇ ਪੰਥ ਨੂੰ "ਤੀਸਰਾ ਪੰਥ" ਵਜੋਂ ਉਜਾਗਰ ਕਰ ਰਹੇ ਸਨ। ਪਰ ਪਤਾ ਉਸ ਸਮੇਂ ਸਿੱਖ ਸੰਸਥਾਵਾਂ, ਜੋ ਗੁਰੂ ਸਾਹਿਬਾਨ ਵਲੋਂ ਬਹੁਤ ਥਾਵਾਂ ਤੇ ਕਾਇਮ ਹੋ ਚੁੱਕੀਆਂ ਸਨ, ਕਿਨ੍ਹਾਂ ਦੇ ਹੱਥਾਂ ਵਿਚ ਸਨ? ਉਹ ਉਨ੍ਹਾਂ ਸਿੱਖੀ ਰੂਪ ਵਿਚ ਬ੍ਰਾਹਮਣਾਂ ਦੇ ਹੱਥਾਂ ਵਿਚ ਸਨ, ਜਿਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੇ ਜਨੇਊ ਨਾ ਪਾਉਣ ਦੇ ਸਮੇਂ ਤੋਂ ਸਿੱਖੀ ਨੂੰ ਜਾਂ ਤਾਂ ਇਸ ਨੂੰ ਜੜ੍ਹੋਂ ਪੁੱਟਣ ਜਾਂ ਇਸ ਨੂੰ ਮਿਲਗੋਭਾ ਕਰਨ ਦੀਆਂ ਚਾਲਾਂ ਅਰੰਭ ਦਿੱਤੀਆਂ ਸਨ। ਗੁਰੂ ਸਾਹਿਬਾਨ ਦੇ ਸਮੇਂ ਤਾਂ ਉਹ ਬਹੁਤਾ ਸਫ਼ਲ ਨਾ ਹੋ ਸਕੇ। ਪਰ ਮਨਾਂ ਵਿਚ ਜ਼ਹਿਰ ਘੋਲਦੇ ਰਹੇ ਜੋ ਕਦੇ ਕਦੇ ਮੀਣਿਆਂ, ਰਾਮ ਰਾਈਆਂ, ਧੀਰਮੱਲੀਆਂ ਆਦਿ ਦੇ ਰੂਪ ਵਿਚ ਉੱਗਲ ਹੁੰਦੀ ਰਹੀ। ਪਰ ਬੰਦਾ ਬਹਾਦਰ ਤੋਂ ਲੈ ਕੇ ਸਿੱਖ ਰਾਜ ਕਾਇਮ ਹੋਣ ਤੱਕ ਸਿੱਖੀ ਨੂੰ ਸਿੱਖ ਰਵਾਇਤਾਂ ਤੇ ਆਦਰਸ਼ਾਂ ਅਨੁਸਾਰ ਜੀਉਣ ਵਾਲੇ ਹਰ ਜਾਤ ਦੇ ਦੂਲੇ ਸਿੱਖ (ਜਾਤ ਬ੍ਰਾਦਰੀ ਆਦਿ ਦਾ ਜ਼ਿਕਰ ਤਕ ਵੀ ਮੂੰਹ ਤੇ ਨਾ ਲਿਆਉਣ ਵਾਲੇ, ਸਿਰਫ਼ ਸਿੱਖ) ਗੁਰੂ ਜੀ ਦੀ ਸਿੱਖੀ ਅਸਲੀ, ਅਰਥਾਂ ਵਿਚ ਜੰਗਲਾਂ ਬੇਲਿਆਂ ਆਦਿ ਵਿਚ ਰਹਿ ਕੇ ਕਮਾ ਰਹੇ ਸਨ। ਜਦ ਕਿ ਉੱਪਰ ਦੱਸੇ ਅਨੁਸਾਰ ਮੈਦਾਨ ਵਿਹਲਾ ਦੇਖ ਕੇ ਸਿੱਖ ਸੰਸਥਾਵਾਂ ਵਿਚ, ਬ੍ਰਾਹਮਣ ਵਾਦੀ, ਉਦਾਸੀ ਤੇ ਸਨਾਤਨੀ ਕਿਸਮ ਦੇ ਸਿੱਖ, ਘੁਸ ਕੇ ਸਿੱਖੀ ਵਿਚ ਜ਼ਾਤ ਪਾਤ, ਬੁੱਤ ਪੂਜਾ, ਸਗਨ ਅਪਸਗਨ, ਗੱਲ ਕੀ ਹਰ ਤਰ੍ਹਾਂ ਦੀ ਹਿੰਦੂ ਰੀਤੀ ਰਿਵਾਜ ਤੇ ਕਰਮ ਕਾਂਡ ਕੁੱਟ ਕੁੱਟ ਕੇ ਭਰ ਰਹੇ ਸਨ। 'ਪ੍ਰੇਮ ਸੁਮਾਰਗ' ਗ੍ਰੰਥ ਉਨ੍ਹਾਂ ਦਿਨਾਂ ਦੀ ਉਪਜ ਹੈ ਜਿਸ ਵਿਚ ਸਿਖੀ ਬਾਰੇ ਕੁਝ ਕੁ ਨੁਕਤੇ, ਪਰ ਹਿੰਦੂ ਰੀਤੀ ਤੇ ਕਰਮ ਕਾਂਡ ਦੀ ਭਰਮਾਰ ਹੈ।

ਖੈਰ, ਉਧਰੋਂ ਸਿਖ ਰਾਜ ਕਾਇਮ ਹੋ ਗਿਆ। ਬਹੁ ਗਿਣਤੀ ਸਿੱਖ ਸਿੱਖੀ ਤੋਂ ਅਵੇਸਲੇ ਹੋ ਕੇ ਹੋਰਨਾਂ ਵਾਂਗ ਸੌਖਾ ਜੀਵਨ ਮਾਨਣ ਲੱਗੇ। ਜੋ ਮਹਾਰਾਜਾ ਰਣਜੀਤ ਸਿੰਘ ਤੇ ਉਸ ਦੇ ਬਹੁਤ ਸਾਰੇ ਅਮੀਰਾਂ ਵਜ਼ੀਰਾਂ ਦੇ ਜੀਵਨ ਤੋਂ ਭਲੀ ਭਾਂਤ ਸਪੱਸ਼ਟ ਹੈ। ਕੁਝ ਕੁ ਗੁਰੂ ਜੀ ਦੀ ਸਿੱਖੀ ਤੇ ਪਹਿਰਾ ਦੇਣ ਵਾਲੇ ਹਰੀ

ਸਿੰਘ ਨਲੂਆ, ਅਕਾਲੀ ਫੂਲਾ ਸਿੰਘ ਵਰਗਿਆਂ ਤੋਂ ਬਿਨਾਂ ਬਾਕੀ ਸਾਰੇ ਬ੍ਰਾਹਮਣਵਾਦੀ ਸਿੱਖਾਂ ਦੀਆਂ ਚਲਾਈਆਂ ਰਹੁ ਰੀਤਾਂ ਨੂੰ (ਅਤੇ ਸਿੱਖ ਰਾਜ ਹੁੰਦੇ ਹੋਏ ਵੀ ਸਿੱਖੀ ਦਾ ਕਿਸੇ ਤਰ੍ਹਾਂ ਦਾ ਪ੍ਰਚਾਰ ਨਾ ਹੋਣ ਕਰਕੇ ਜੋ ਹਾਲੇ ਤਕ ਵੀ ਜ਼ਿੰਮੇਵਾਰ ਸੰਸਥਾ ਨੇ ਨਹੀਂ ਕੀਤਾ) ਸਿੱਖ ਰਹੁ ਰੀਤਾਂ ਹੀ ਸਮਝ ਕੇ ਉਨ੍ਹਾਂ ਤੇ ਚੱਲਣ ਲੱਗ ਪਏ ਅਤੇ ਚਲਦੇ ਆ ਰਹੇ ਹਨ। ਇਨ੍ਹਾਂ ਵਿਚ ਬਹੁਤ ਕਰਕੇ ਪੇਂਡੂ ਸਿੱਖ, ਸਿੱਖੀ ਤੋਂ ਬਿਲਕੁਲ ਅਨਜਾਣ, ਸਿਰਫ਼ ਪੁਰਾਣੇ ਸਮੇਂ ਤੋਂ ਘਰ ਵਿਚ ਚਲੀ ਆ ਰਹੀ ਸਿੱਖੀ ਦਿਖਾਵੇ ਦੀ ਸਿੱਖੀ (ਅਸੀਂ ਵੀ ਉਸ ਦੀ ਉਪਜ ਹਾਂ) ਵਾਲੇ ਸਿੱਖ ਹਨ। ਜਿਨ੍ਹਾਂ ਵਿਚ ਸਭ ਜਾਤਾਂ ਆ ਜਾਂਦੀਆਂ ਹਨ। ਇਸ ਦੇ ਫਲਸਰੂਪ ਸਿੱਖੀ "ਗੁਰੂ ਦੀ ਸਿੱਖੀ" ਦੀ ਥਾਂ "ਬਣਾਉਟੀ ਸਿੱਖਾਂ ਦੀ ਸਿੱਖੀ" ਬਣ ਕੇ ਰਹਿ ਗਈ ਹੈ, ਜੋ ਹੁਣ ਵੀ ਜੁਦੇ ਜੁਦੇ ਡੇਰਿਆਂ ਤੇ ਉਨ੍ਹਾਂ ਵਲੋਂ ਚਲਾਏ ਤਰ੍ਹਾਂ ਤਰ੍ਹਾਂ ਦੇ ਕਰਮ ਕਾਂਡ ਤੇ ਬਹੁਤ ਸਾਰੇ ਗੁਰਦੁਆਰਿਆਂ ਦੇ ਜਾਤਾਂ ਦੇ ਨਾਂ ਤੇ ਬਣੇ ਹੋਏ ਹੋਣਾ ਤੇ ਨਾਲ ਹੀ ਬਹੁਤ ਸਾਰੇ ਗੁਰਦੁਆਰਿਆਂ ਵਿਚ ਕਰਮ ਕਾਂਡੀ ਤਰੀਕੇ ਨਾਲ ਕੀਤੇ ਜਾਂਦੇ ਪਾਠਾਂ ਆਦਿ ਤੋਂ ਸਾਫ਼ ਸਪੱਸ਼ਟ ਹੈ। ਪਿੰਡਾਂ ਵਿਚ ਬ੍ਰਾਹਮਣੀ ਅਸਰ, ਸੋਚ ਤੇ ਸਿੱਖਿਆ ਨੇ ਜ਼ਮੀਨ ਦੇ ਮਾਲਕ ਸਿੱਖਾਂ ਨੂੰ ਆਪਣੇ ਆਪ ਵਿਚ ਉਚ ਜਾਤੀਏ ਸੋਚ ਦੇ ਬਣਾ ਦਿੱਤਾ, ਜਦ ਕਿ ਸਿੱਖੀ ਵਿਚ ਸਭ ਬਰਾਬਰ ਹਨ, ਭਾਵੇਂ ਕਿਰਤ ਆਪਣੀ ਆਪਣੀ ਯੋਗਤਾ ਅਨੁਸਾਰ ਵੱਖਰੀ ਹੀ ਕਿਉਂ ਨਾ ਹੋਵੇ ।

ਇਹ ਹੈ ਅਸਲੀਅਤ ਮੁੜ ਕੇ ਸਿੱਖੀ ਦੇ ਵਿਹੜੇ ਵਿਚ ਜਾਤ ਪਾਤ ਦੇ ਕੋਹੜ ਤੇ ਫੋਕਟ ਤੇ ਅਕਾਰਥ ਕਰਮ ਕਾਂਡ ਆਦਿ ਦੇ ਪ੍ਰਵੇਸ਼ ਹੋਣ ਦੀ। ਐਸੀ ਵਿਗੜਦੀ ਸਿੱਖੀ ਦੀ ਹਾਲਤ ਨੂੰ ਦੇਖ ਕੇ ਸਿੱਖੀ ਦੀ ਸਰਬ-ਪੱਖੀ ਮਹੱਤਤਾ ਨੂੰ ਸਮਝਣ ਵਾਲਿਆਂ ਨੇ ਸਿੱਖਾਂ ਨੂੰ ਅਮਲੀ ਰੂਪ ਵਿਚ ਕੁਝ ਦੇਣ ਲਈ ਸਮੇਂ ਸਮੇਂ 'ਗੁਰੂ ਜੀ ਦੀ ਸਿੱਖੀ' ਦੇ ਰੂਪ ਵਿਚ ਉਜਾਗਰ ਕਰਨ ਦੇ ਉਪਰਾਲੇ ਕੀਤੇ। ਪਰ ਉਨ੍ਹਾਂ ਦਾ ਵਿਰੋਧ ਵੀ ਬ੍ਰਾਹਮਣ ਵਾਦੀ ਵੇਦਾਂਤੀ ਤੇ ਸਨਾਤਨੀ ਸਿੱਖਾਂ ਵਲੋਂ ਨਾਲ ਦੀ ਨਾਲ ਹੁੰਦਾ ਰਿਹਾ। ਜਿਵੇਂ ਗਿਆਨੀ ਦਿੱਤ ਸਿੰਘ ਜੀ (ਜੋ ਸਿੱਖੀ ਸਿਧਾਂਤ ਦੀ ਮਹਾਨਤਾ ਦੇਖ ਕੇ ਦਿੱਤ ਰਾਮ ਤੋਂ ਅਛੂਤ ਜਾਤ ਵਿਚੋਂ ਦਿੱਤ ਸਿੰਘ ਸਜੇ ਸਨ) ਤੇ ਪ੍ਰੋ: ਗੁਰਮੁਖ ਸਿੰਘ ਜੀ ਦੀ ਅਸਲੀ ਸਿੱਖੀ ਦਾ ਪ੍ਰਚਾਰ ਕਰਨ ਕਰਕੇ ਬਾਬਾ ਖੇਮ ਸਿੰਘ ਬੇਦੀ (ਜੋ ਜਾਤ ਪਾਤ ਦਾ ਪੱਕਾ ਹਾਮੀ ਸੀ), ਫ਼ਰੀਦਕੋਟ ਦੇ ਰਾਜਾ ਬਿਕਰਮ ਸਿੰਘ ਤੇ ਉਨ੍ਹਾਂ ਦੇ ਹੱਥ ਠੋਕੇ ਸਾਰੇ ਤਖਤਾਂ ਦੇ ਪੁਜਾਰੀਆਂ ਨੇ ਵਿਰੋਧਤਾ ਕੀਤੀ। ਇਹ ਹੀ ਨਹੀਂ ਗਿ: ਦਿੱਤ ਸਿੰਘ ਜੀ ਅਛੂਤ ਜਾਤੀ ਦੇ ਹੋਣ ਕਰਕੇ ਤੇ ਪ੍ਰੋ: ਗੁਰਮੁਖ ਸਿੰਘ ਜੀ ਨੂੰ ਉਨ੍ਹਾਂ ਦੀ ਮਦਦ ਕਰਨ ਕਰਕੇ, ਉਨ੍ਹਾਂ ਦੀ ਅਰਦਾਸ ਦਰਬਾਰ ਸਾਹਿਬ ਵਿਖੇ ਕਰਨ ਤੋਂ ਨਾਂਹ ਕਰ ਦਿੱਤੀ। ਇਥੇ ਹੀ ਬੱਸ ਨਹੀਂ ਉਨ੍ਹਾਂ ਤੇ ਮੁਕੱਦਮਾ ਵੀ ਚਲਾਇਆ ਗਿਆ, ਸਰਕਾਰ ਵਿਚ ਰਸੂਖ ਹੋਣ ਕਰਕੇ। ਪਰ ਉਨ੍ਹਾਂ ਗੁਰੂ ਦੁਲਾਰਿਆਂ ਨੇ, ਖਾਸ ਕਰਕੇ ਗਿਆਨੀ ਦਿੱਤ ਸਿੰਘ ਜੀ (ਜੋ ਸਿੱਖੀ ਦਾ ਅਸਲੀ ਆਸ਼ਕ ਸੀ) ਨੇ ਗਰੀਬੀ (ਗਰੀਬੀ ਵੀ ਅਤਿ ਦੀ) ਦੀ ਹਾਲਤ ਵਿਚ ਵੀ ਲਿਖਤਾਂ, ਰਸਾਲਿਆਂ, ਨਾਟਕਾਂ ਤੇ ਲੈਕਚਰਾਂ ਰਾਹੀਂ ਸਿੱਖੀ ਦਾ ਅਸਲੀ ਰੂਪ ਉਘਾੜਨ ਅਤੇ ਬਹਿਰੂਪੀਏ ਸਿੱਖਾਂ ਦਾ ਪਾਜ ਉਘਾੜਨ ਲਈ ਸਿਰ ਧੜ ਦੀ ਬਾਜ਼ੀ ਆਖਰੀ ਦਮ ਤੱਕ ਲਾਈ ਰੱਖੀ। ਪੜ੍ਹੇ ਲਿਖੇ ਵਰਗ ਵਿਚ ਤਾਂ ਇਨ੍ਹਾਂ ਦਾ ਕਾਫ਼ੀ ਅਸਰ ਹੋਇਆ। ਪਰ ਆਮ ਲੋਕਾਂ ਤੇ ਖਾਸ ਕਰਕੇ ਪੇਂਡੂ ਵਸੋਂ ਵਿਚ ਬੇਦੀ ਜੀ ਵਰਗੇ ਬਾਬਿਆਂ ਦਾ ਅਸਰ ਅੰਗਰੇਜ਼ ਦੇ ਰਾਜ ਤੋਂ ਲੈ ਕੇ ਐਸਾ ਸ਼ੁਰੂ ਹੋਇਆ ਕਿ ਹਾਲੇ ਤੱਕ, ਹੁਣ ਤਾਂ ਸਗੋਂ ਹੋਰ ਵੀ ਵਧ ਕੇ, ਜਾਤ ਪਾਤ ਦੇ ਕੋਹੜ ਤੋਂ ਲੈ ਕੇ ਫੋਕਟ ਕਰਮ ਕਾਂਡ ਦੀ ਭਰਮਾਰ ਤਕ, ਹੋ ਰਿਹਾ ਹੈ। ਕੁਝ ਕੁ ਲੇਖ ਜਾਂ ਪੱਤਰ ਲਿਖ ਕੇ ਹਾਲਾਤ ਦੇ ਸੰਵਰ ਜਾਣ ਦੀ ਆਸ ਨਹੀਂ ਕੀਤੀ ਜਾ ਸਕਦੀ। ਗੁਰੂ ਸਾਹਿਬਾ ਨੇ ਐਸੀ ਹੀ ਗਿਰਾਵਟ ਦਸ਼ਾ ਵਿਚੋਂ ਕੱਢਣ ਲਈ ਕਾਫ਼ੀ ਸਮਾਂ ਲੋਕਾਂ ਨੂੰ ਸਿੱਖਿਅਤ (Educate) ਕਰਨ ਲਈ ਲਾਇਆ ਸੀ। ਇਸ ਲਈ ਕਿਸੇ ਵਿਉਂਤਬਦੀ ਅਧੀਨ ਅਮਲੀ ਰੂਪ ਵਿਚ ਕੁਝ ਬਣ ਸੰਵਰ ਸਕਦਾ ਹੈ। ਕਿਉਂਕਿ ਕਥਿਤ ਬਾਬੇ ਬੜੇ ਹੁਸ਼ਿਆਰ ਹਨ। ਉਨ੍ਹਾਂ ਵਲੋਂ ਆਮ ਲੋਕਾਂ ਤੇ ਪ੍ਰਭਾਵ ਪਾਉਣ ਲਈ ਇਕ ਖਾਸ ਮਦ 'ਅੰਮ੍ਰਿਤ ਛਕਾਉਣ' ਦਾ ਪ੍ਰਾਪੇਗੰਡਾ ਹੀ ਇਸ ਤਰ੍ਹਾਂ ਕੀਤਾ ਜਾਂਦਾ ਹੈ ਕਿ ਅਮਕੇ/ਅਮਕੇ ਬਾਬਾ ਜੀ ਵਲੋਂ ਹਜ਼ਾਰਾਂ/ ਲੱਖਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ ਹੈ। ਜਦ ਕਿ ਇਧਰ ਵੀ ਨੌਜਵਾਨ ਪਤਿਤ ਹੋ ਰਹੇ ਹਨ ਤੇ ਪੰਜਾਬ ਵਿਚ ਤਾਂ ਪਤਿਤਪੁਣੇ ਤੀ ਲਹਿਰ ਜ਼ੋਰਾਂ ਤੇ ਹੈ ਤੇ ਕੋਈ ਟਾਵਾਂ ਟਾਵਾਂ ਨੌਜਵਾਨ


www.AKJ.Org

ਕੇਸਾਧਾਰੀ ਤੇ ਭਾਗਾਂ ਨਾਲ ਕੋਈ ਅੰਮ੍ਰਿਤਧਾਰੀ ਨਜ਼ਰ ਆਉਂਦਾ ਹੈ। ਕੀ ਇਨ੍ਹਾਂ ਦੀ ਗਿਣਤੀ ਕੋਈ ਐਸੀ ਤਾਂ ਨਹੀਂ ਕਿ ਇਕ ਸਿਆਣੇ ਬੰਦੇ ਦੇ ਮੁੜ ਮੁੜ ਪੇਸ਼ ਹੋਣ ਨੂੰ ਕਈ ਪ੍ਰਾਣੀਆਂ ਦੇ ਅੰਮ੍ਰਿਤ ਛਕਣ ਤੁੱਲ ਸਮਝਿਆ ਜਾਂਦਾ ਹੈ। ਨਹੀਂ ਤਾਂ ਹਰ ਬਾਬਾ ਜੀ ਵਲੋਂ ਹਜ਼ਾਰਾਂ/ਲੱਖਾਂ ਨੂੰ ਅੰਮ੍ਰਿਤ ਛਕਾਉਣ ਨਾਲ ਪੰਜਾਬ ਹੀ ਨਹੀਂ, ਸਾਰੇ ਹਿੰਦੁਸਤਾਨ ਅਤੇ ਬਾਹਰਲੇ ਦੇਸ਼ਾਂ ਦੇ ਸਾਰੇ ਸਿੱਖ ਹੀ ਅੰਮ੍ਰਿਤਧਾਰੀ ਹੋ ਜਾਂਦੇ। ਇਸ ਨਾਲ ਜਾਤ ਪਾਤ ਦੇ ਕੋਹੜ ਤੇ ਕਰਮ ਕਾਂਡ ਦਾ ਫਸਲਾ ਸੌਖਾ ਹੀ ਵੱਢਿਆ ਜਾ ਸਕਦਾ ਸੀ।

ਇੱਥੇ ਤਾਂ ਕੋਈ ਗਿਆਨੀ ਦਿੱਤ ਸਿੰਘ ਵਰਗਾ ਵਿਦਵਾਨ ਹੀ ਇਨ੍ਹਾਂ ਭੱਦਰ ਪੁਰਸ਼ਾਂ ਦੇ ਪੋਲ ਖੋਲ੍ਹ ਕੇ ਸੁੱਤੀ ਹੋਈ ਸਿੱਖ ਕੌਮ ਨੂੰ ਸਿੱਖੀ ਦੀ ਅਸਲੀਅਤ ਬਾਰੇ ਜਗਾ ਸਕਦਾ ਸੀ ਤੇ ਹੈ। ਕਾਫ਼ੀ ਸਮਾਂ ਪਹਿਲਾਂ ਡਾਕਟਰ ਅੰਬੇਦਕਰ ਜੀ ਇਸ ਪੱਖੋਂ ਕੁਝ ਕਰ ਸਕਦੇ ਸੀ ਕਿਉਂਕਿ ਉਨ੍ਹਾਂ ਨੇ ਸਿੱਖੀ ਦੀ ਸਰਬ-ਪੱਖੀ ਮਹਾਨਤਾ ਸਮਝ ਲਈ ਸੀ। ਉਨ੍ਹਾਂ ਨੂੰ ਉਸ ਵੇਲੇ ਦੇ ਸੌੜੀ ਸੋਚਣੀ, ਅਤੇ 'ਅਸਲੀ ਸਿਖੀ' ਤੋਂ ਅਨਜਾਣ ਲੀਡਰਾਂ ਦੀ ਕੋਈ ਪ੍ਰਵਾਹ ਨਹੀਂ ਸੀ ਕਰਨੀ ਚਾਹੀਦੀ। ਉਹ ਸਿੱਖ ਸਜ ਜਾਂਦੇ ਤਾਂ ਹਿੰਦੁਸਤਾਨ ਦੀ ਹਾਲਤ ਹੀ ਕੁਝ ਹੋਰ ਹੁੰਦੀ। ਉਨ੍ਹਾਂ ਨੇ ਗੁਰਮਤਿ ਦੇ ਅਧਾਰ ਤੇ ਬੰਬਈ ਪ੍ਰਾਂਤ ਵਿਚ ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ ਕਾਇਮ ਕਰਕੇ ਉਸ ਇਲਾਕੇ ਨੂੰ ਸਿੱਖ ਸਿਆਸਤ ਦਾ ਗੜ੍ਹ ਬਣਾ ਦੇਣਾ ਸੀ। ਫਿਰ ਇਨ੍ਹਾਂ ਪੰਜਾਬ ਦੇ ਲੀਡਰਾਂ ਨੂੰ ਕਿਸੇ ਨਾ ਸੀ ਪੁਛਣਾ। ਕਿਉਂਕਿ ਇਕ ਪਾਸੇ ਇਹ ਅਗਿਆਨੀਆਂ ਦਾ ਟੋਲਾ ਹੋਣਾ ਸੀ ਤੇ ਦੂਸਰੇ ਪਾਸੇ ਡਾਕਟਰ ਸਾਹਿਬ ਉੱਚ ਕੋਟੀ ਤੇ ਵਿਦਵਾਨ, ਅਸਲੀ ਸਿੱਖੀ ਤੋਂ ਗਿ: ਦਿੱਤ ਸਿੰਘ ਜੀ ਵਾਂਗ ਜਾਣੂ ਤੇ ਮਾਹਰ ਸਿਆਸਤਦਾਨ। ਉਸ ਵੇਲੇ ਉਨ੍ਹਾਂ ਨੂੰ ਗਾਂਧੀ ਦੇ ਇਨ੍ਹਾਂ ਵਿਚਾਰਾਂ ਦੀ ਵੀ ਪ੍ਰਵਾਹ ਨਹੀਂ ਸੀ ਕਰਨੀ ਚਾਹੀਦੀ ਜੋ ਉਸ ਨੇ (Young India) ਰਸਾਲੇ ਵਿਚ ਇਸ ਤਰ੍ਹਾਂ ਛਾਪੇ ਸਨ, 'ਅਛੂਤਾਂ ਦਾ ਸਿੱਖੀ ਵਿਚ ਪ੍ਰਵੇਸ਼ ਹਿੰਦੂ ਧਰਮ ਤੋਂ ਪਤਿਤ ਹੋਣਾ ਹੈ।'' ਸਿੱਖੀ ਵਿਚ ਸ਼ਾਮਲ ਹੋ ਕੇ ਜਿਥੇ ਸਰਦਾਰੀ ਮਿਲਦੀ ਹੈ, ਗਾਂਧੀ ਲਈ ਉਹ ਪਤਿਤਪੁਣਾ ਹੈ। ਇਹ ਹੀ ਨਹੀਂ ਗਾਂਧੀ ਨੇ ਡਾਕਟਰ ਸਾਹਿਬ ਹੋਰਾਂ ਦੇ ਸਿੱਖ ਬਣਨ ਤੇ ਮਰਨ ਵਰਤ ਰੱਖਣ ਦੀ ਵੀ ਧਮਕੀ ਦਿੱਤੀ ਸੀ। ਇਸ ਸਭ ਪਿੱਛੇ ਇਨ੍ਹਾਂ ਦੀ ਮਸ਼ਹੂਰ ਚਾਣਕੀਆ ਨੀਤੀ ਸੀ। ਅਛੂਤਾਂ ਨੂੰ ਸਿੱਖਾਂ ਤੋਂ ਪਰੇ ਰਖਣਾ ਅਤੇ ਉਨ੍ਹਾਂ ਲਈ ਇਕ ਖਾਸ ਸ਼ਬਦ 'ਹਰੀਜਨ' ਵਰਤ ਕੇ ਉਨ੍ਹਾਂ ਨੂੰ ਸਦਾ ਲਈ ਅਛੂਤ ਜਾਤੀਆਂ ਨਾਲ ਚੰਬੇੜੀ ਰਖਣਾ। ਜੋ ਖਾਸ ਤਰੀਕੇ ਨਾਲ ਹਿੰਦੁਸਤਾਨ ਦੇ ਵਿਧਾਨ ਵਿਚ ਵੀ ਅਛੂਤ ਜਾਤੀਆਂ ਨੂੰ ਆਪਣੇ ਮੂੰਹੋਂ ਅਛੂਤ ਕਹਿਣੇ ਲਈ ਕਹਿ ਲਿਖਾ ਦਿੱਤਾ ਗਿਆ। ਪਰ ਹਰੀਜਨਾਂ ਨੂੰ ਹਿੰਦੂ ਸਵੀਕਾਰ ਕਰਕੇ ਵੀ ਮੰਦਰਾਂ ਦੇ ਦਰਵਾਜ਼ੇ ਇਨ੍ਹਾਂ ਲਈ ਬੰਦ ਹੀ ਰੱਖੇ ਜਦ ਕਿ ਕੁਝ ਕੁ ਸਿੱਖੀ ਤੋਂ ਅਨਜਾਣ ਬੰਦਿਆਂ ਦੀਆਂ ਮਿਸਾਲਾਂ ਛੱਡ ਕੇ ਅਛੂਤਾਂ ਨੂੰ ਅੰਮ੍ਰਿਤ ਛਕੇ ਤੋਂ ਬਿਨਾਂ ਵੀ ਗੁਰਦੁਆਰਿਆਂ ਵਿਚ ਜਾਣ ਤੋਂ ਕੋਈ ਰੋਕ ਨਹੀਂ, ਅੰਮ੍ਰਿਤ ਛਕ ਕੇ ਗ੍ਰੰਥੀ ਤੇ ਪ੍ਰਚਾਰਕ ਵੀ ਬਣਿਆ ਜਾ ਸਕਦਾ ਹੈ ਤੇ ਕਈ ਗੁਰਮੁਖ ਪਿਆਰੇ ਹਨ ਵੀ।

ਸੋ ਅੱਜ ਵੀ 'ਰੰਘਰੇਟਿਆਂ ਗੁਰੂ ਕੇ ਬੇਟਿਆਂ' ਨੂੰ ਸਿੱਖੀ ਦੀ ਅਸਲੀਅਤ ਤੋਂ ਅਨਜਾਣ ਲੀਡਰਾਂ ਆਦਿ ਤੋਂ ਪੁੱਛੇ ਬਿਨਾਂ, ਸਿੱਖੀ ਦੀ ਸਰਬ-ਪੱਖੀ ਮਹਾਨਤਾ ਨੂੰ ਦੇਖਦੇ ਹੋਏ, ਸਿੱਖੀ ਵਿਚ ਪ੍ਰਵੇਸ਼ ਹੋ ਕੇ ਭਾਈ ਜੀਵਨ ਸਿੰਘ, ਭਾਈ ਸੰਗਤ ਸਿੰਘ, ਗਿ: ਦਿੱਤ ਸਿੰਘ ਤੇ ਹੋਰ ਅਨੇਕਾਂ ਮਰਜੀਵੜਿਆਂ ਵਾਂਗ ਅਸਲੀ ਅਰਥਾਂ ਵਿਚ ਸਿੱਖੀ ਤੇ ਚਲ ਕੇ ਜਿੱਥੇ ਜਾਤ ਪਾਤ ਦੇ ਕੋਹੜ ਤੇ ਕਰਮ ਕਾਂਡ ਦੇ ਮਹਾ ਜਾਲ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ, ਉਥੇ ਪੰਜਾਬ ਦੇ ਸਾਰੇ ਹੱਕ ਆਸਾਨੀ ਨਾਲ ਪ੍ਰਾਪਤ ਕਰਨ ਵਿਚ ਵੀ ਸਹਾਈ ਹੋਇਆ ਜਾ ਸਕਦਾ ਹੈ। ਇਥੇ ਇਕ ਖਾਸ ਗੱਲ ਪੰਜਾਬ ਦੇ ਇਨ੍ਹਾਂ ਅਛੂਤਾਂ ਵੀਰਾਂ ਦੇ ਵਿਚਾਰਨ ਵਾਲੀ ਹੈ। ਉਹ ਇਹ ਕਿ ਇਸ ਬਰਾਦਰੀ ਵਿਚੋਂ ਸਿੱਖ ਸਜਦੇ ਦੇਖ ਕੇ ਇਸ ਬਰਾਦਰੀ ਨੂੰ ਸਿੱਖੀ ਤੋਂ ਦੂਰ ਕਰਨ ਲਈ ਜੁਦੇ ਗੁਰਦੁਆਰੇ ਬਣਾਉਣ ਵਲ ਤੋਰ ਦਿੱਤਾ। ਇਕ ਦੋ ਬ੍ਰਾਦਰੀਆਂ (ਰਾਮਗੜ੍ਹੀਆਂ ਤੇ ਭਾਟੜਾ) ਪਹਿਲਾਂ ਹੀ ਇਧਰ ਦਾ ਰੁਖ ਕਰਕੇ ਗਲਤੀ ਕਰ ਬੈਠੀਆਂ ਸਨ, ਜਾਤ ਦੇ ਪੱਖੋਂ। ਪਰ ਇੱਥੇ ਬੜੀ ਸਿਆਣਪ ਵਰਤੀ ਗਈ। ਸਰਬ-ਸਾਂਝੇ ਭਗਤ, ਸ੍ਰੀ ਰਵਿਦਾਸ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਣ ਕਰਕੇ ਉਨ੍ਹਾਂ ਨੂੰ ਪਹਿਲਾਂ ਹੀ ਹੋਰ ਭਗਤ ਸਾਹਿਬਾਨ ਸਮੇਤ ਗੁਰੂ ਸਮਾਨ ਸਨਮਾਨ ਪ੍ਰਾਪਤ ਸੀ।

ਪਰ ਇਸ ਬ੍ਰਾਦਰੀ ਨੂੰ ਸਿੱਖੀ ਤੋਂ ਦੂਰ ਕਰਨ ਲਈ ਭਗਤ ਜੀ ਦੇ ਨਾ ਤੇ ਜੁਦੇ ਗੁਰਦੁਆਰੇ ਬਣਾ ਕੇ ਵੱਖ ਕਰ ਦਿੱਤਾ। ਚਾਣਕੀਆਂ ਨੀਤੀ ਤਾਂ ਇਹ ਚਾਹੁੰਦੀ ਹੋਵੇਗੀ ਕਿ ਹਰ ਭਗਤ ਤੇ ਨਾਂ ਤੇ ਜੁਦੇ ਜੁਦੇ ਗੁਰਦੁਆਰੇ ਬਣ ਜਾਣ ਤਾਂ ਕਿ ਗੁਰੂ ਸਾਹਿਬਾਨ ਵਲੋਂ 'ਸਭੇ ਸਾਝੀਵਾਲ ਸਦਾਇਨ'' ਅਤੇ ''ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ'' ਅਧੀਨ ਬਖਸ਼ੀ ਉਹ ਏਕਤਾ ਭੰਗ ਕਰਕੇ ਰੱਖ ਦਿੱਤੀ ਜਾਵੇ ਜਿਸ ਦੇ ਬਲ ਬੂਤੇ ਹਿੰਦੁਸਤਾਨ ਦੀ ਹਜ਼ਾਰਾਂ ਸਾਲਾਂ ਦੀ ਗੁਲਾਮੀ ਦੀਆਂ ਜੰਜੀਰਾਂ ਕੱਟ ਕੇ ਆਜ਼ਾਦੀ ਦੀ ਦੇਵੀ ਦੇ ਪੈਰਾਂ ਵਿਚ ਰੁਲਣ ਲਈ ਭੇਟ ਚੜ੍ਹਾ ਦਿੱਤਾ ਸੀ। ਖੈਰ ਭਗਤ ਜੀ ਦੇ ਨਾਂ ਤੇ ਬਣੇ ਗੁਰਦੁਆਰਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਹੋਣ ਕਰਕੇ ਉਥੇ ਗੁਰੂ ਮਹਾਰਾਜ ਦੇ ਨਿਸ਼ਾਨ ਝੂਲਣੇ ਚਾਹੀਦੇ ਹਨ। ਪਰ ਉਥੇ ਹਿੰਦੂ ਕਿਸਮ ਦੇ ਚਿੰਨ੍ਹ ਤੇ ਰੰਗ ਵਾਲੇ ਨਿਸ਼ਾਨ ਝੁਲਾਏ ਜਾਂਦੇ ਹਨ, ਜਿਸ ਨਾਲ ਇਸ ਬਰਾਦਰੀ ਨੂੰ ਆਪਣੀ ਜਾਤ ਨਾਲ ਬੰਨ੍ਹ ਕੇ ਰੱਖਣ ਦੀ ਗਾਂਧੀ ਜੀ ਦੀ ਚਾਣਕੀਆ ਨੀਤੀ ਸਫ਼ਲ ਹੈ। ਇਸ ਲਈ ਇਸ ਤੇ ਡੂੰਘੀ ਵਿਚਾਰ ਕਰਕੇ ਰੰਘਰੇਟੇ ਗੁਰੂ ਕੇ ਬੇਟੇ ਬਣ ਕੇ ਭਾਵ ਸਿੱਖੀ ਵਿਚ ਪ੍ਰਵੇਸ਼ ਹੋ ਕੇ ਹਿੰਦੂਵਾਦ ਦੇ ਜਾਤ ਪਾਤ ਦੇ ਜੂਲੇ ਵਿਚੋਂ ਨਿਕਲ ਕੇ ਸਰਦਾਰੀ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਸਰਦਾਰੀ ਹੋਰ ਕਿਤੇ ਮਿਲੇ ਜਾਂ ਨਾ ਪਰ ਇਹ ਸਿੱਖੀ ਵਿਚ ਪ੍ਰਵੇਸ਼ ਹੋਣ ਸਮੇਂ ਹੀ ਮਿਲ ਜਾਂਦੀ ਹੈ। ਦੂਸਰੇ ਸਰਦਾਰੀ ਭਾਵ ਸਾਬਤ ਸੂਰਤ ਪ੍ਰਮਾਤਮਾ ਨਾਲ ਇਕ ਮਿਕ ਹੋਣ ਲਈ ਵੀ ਜ਼ਰੂਰੀ ਹੈ। ਪ੍ਰਮਾਤਮਾ ਨੇ ਬੰਦੇ ਨੂੰ ਆਪਣੇ ਰੂਪ ਵਿਚ 'ਸਾਬਤ ਸੂਰਤ' ਪੈਦਾ ਕੀਤਾ, ਜੋ ਸਾਰੇ ਧਰਮ ਮੰਨਦੇ ਹਨ। ਪਰ ਇਸ ਤੇ ਪਹਿਰਾ ਗੁਰੂ ਘਰ ਤੋਂ ਬਿਨਾਂ ਕਿਸੇ ਨੇ ਨਹੀਂ ਦਿੱਤਾ। ਪ੍ਰਮਾਤਮਾ ਇਕ ਮਹਾਨ ਸੋਮਾ ਹੈ। ਜਿਵੇਂ ਪਾਣੀ ਦਾ ਸੋਮਾ ਸਮੁੰਦਰ ਹੈ। ਉਸ ਵਿਚੋਂ ਪਾਣੀ ਹਵਾ ਰਾਹੀਂ ਉਡ ਕੇ ਬਦਲ ਬਣ ਕੇ ਮੀਂਹ ਵਰਸਦਾ ਹੈ ਤੇ ਨਦੀ ਨਾਲਿਆਂ ਰਾਹੀਂ ਹੋ ਕੇ ਮੁੜ ਪਾਣੀ ਦੀ ਸ਼ਕਲ ਵਿਚ ਆਪਣੇ ਸੋਮੇਂ ਸਮੁੰਦਰ ਵਿਚ ਜਾਲੀਨ ਹੁੰਦਾ ਹੈ। ਇਸ ਦਾ ਭਾਵ ਹੈ ਕਿ ਆਪਣੇ ਸੋਮੇ ਨਾਲੋਂ ਵਿਛੜੀ ਹਰ ਵਸਤੂ ਆਪਣੇ ਸੋਮੇ ਨਾਲ ਮੁੜ ਸਮਾਉਣਾ ਚਾਹੁੰਦੀ ਹੈ। ਪਰ ਉਹ ਸੋਮੇ ਵਿਚ ਸੋਮੇ ਦੇ ਰੂਪ ਵਿਚ ਸਮਾ ਸਕਦੀ ਹੈ। ਸੋ ਬੰਦਾ ਪ੍ਰਮਾਤਮਾ ਦਾ ਰੂਪ ਹੋਣ ਕਰਕੇ ਪ੍ਰਮਾਤਮਾ ਵਿਚ ਉਸ ਦੇ ਰੂਪ, ਭਾਵ ਸਾਬਤ ਸੂਰਤ ਵਿਚ ਹੋ ਕੇ ਹੀ ਸਮਾ ਸਕਦੀ ਹੈ, ਨਹੀਂ ਤਾਂ ਮੁੜ ਮੁੜ ਗੇੜੇ ਕਈ ਸ਼ਕਲਾਂ ਵਿਚ ਵਜਦੇ ਰਹਿੰਦੇ ਹਨ। ਇਹ ਖਾਸ ਅਸਲੀਅਤ ਦਰਸਾਉਣ ਤੇ ਚਹੁੰ ਜੁਗਾਂ ਦਾ ਨਬੇੜਾ ਕਰਨ ਲਈ ਹੀ ਗੁਰੂ ਨਾਨਕ ਸਾਹਿਬ ਨੇ ਸੰਸਾਰ ਵਿਚ ਪ੍ਰਗਟ ਹੋ ਕੇ ਨਿਰਮਲ ਪੰਥ ਦੀ ਨੀਂਹ ਰੱਖ ਕੇ ਦਸਾਂ ਜਾਮਿਆਂ ਰਾਹੀਂ ਉਸ ਨੂੰ ਜੀਵਨ ਵਿਚ ਲੋੜੀਂਦੇ ਸਭ ਸ਼ੁਭ ਗੁਣਾਂ ਨਾਲ ਸ਼ਿੰਗਾਰ ਕੇ ਸੰਸਾਰ ਦੇ ਸਾਹਮਣੇ ਪੇਸ਼ ਕਰ ਦਿੱਤਾ। ਅਤੇ ਕਬੀਰ ਜੀ ਦੇ ਕਥਨ ਅਨੁਸਾਰ ਕੋਈ ਵੀ ਭਾਗਾਂ ਵਾਲਾ ਉਸ ਤੋਂ ਲਾਭ ਉਠਾ ਸਕਦਾ ਹੈ। ਇਸ ਪ੍ਰਮਾਤਮਾ ਦੀ ਇਕਮਿਕਤਾ ਦੇ ਨੁਕਤੇ ਨੂੰ ਚੰਗੀ ਤਰ੍ਹਾਂ ਸਮਝਣ ਲਈ ਭਾਈ ਸਾਹਿਬ ਧਰਮ ਸਿੰਘ (ਸੂਬੇਦਾਰ) ਜੀ ਦੇ ਲੇਖ ਪੜ੍ਹ ਕੇ, ਪੂਰਾ ਲਾਭ ਉਠਾਇਆ ਜਾ ਸਕਦਾ ਹੈ। ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਜਿਨਾਂ ਚਿਰ ਇਹ ਨਿਰਮਲ ਪੰਥ, ਨਿਰਮਲ ਰੂਪ ਵਿਚ ਵਿਚਰਦਾ ਰਿਹਾ ਉਨ੍ਹਾਂ ਚਿਰ ਇਸ ਵਿਚ ਜਾਤ ਪਾਤ ਦਾ ਕੋਹੜ ਤੇ ਕਰਮ ਕਾਂਡ ਦਾ ਕੈਂਸਰ ਆਪਣੀ ਜ਼ਹਿਰ ਨਹੀਂ ਫੈਲਾਅ ਸਕਿਆ। ਹੁਣ ਸਭ ਕੁਝ ਇਸ ਤੋਂ ਉਲਟ ਕਿਉਂ ਹੈ, ਉਸ ਦਾ ਵੇਰਵਾ ਉਪਰ ਖੋਲ੍ਹ ਕੇ, ਦਿੱਤਾ ਗਿਆ ਹੈ। ਉਸ ਨਿਰਮਲ ਪੰਥ ਨੂੰ ਜਿਸ ਵਿਚ ਅਸਲੀਅਤ ਦੇ ਆਧਾਰ 'ਤੇ ਹਰ ਸ਼ੁਭ ਗੁਣ ਭਰਿਆ ਗਿਆ ਸੀ, ਮੁੜ ਨਿਰਮਲ ਬਣਾਉਣ ਲਈ ਸਾਨੂੰ ਸਭ ਨੂੰ ਉਨ੍ਹਾਂ ਗੁਣਾਂ ਦੇ ਧਾਰਨੀ ਬਣਨਾ ਪਵੇਗਾ, ਅਤੇ ਇਸ ਬਗੀਚੇ ਦੇ ਕੁਝ ਬਚੇ ਭਾਗ ਨੂੰ ਚੰਗੀ ਤਰ੍ਹਾਂ ਸਾਂਭ ਕੇ ਬਾਕੀ ਦੇ ਹਿੱਸੇ ਵਿਚ ਗੁਰੂ ਜੀ ਵਲੋਂ ਬਖਸ਼ੀ ਸੁਗੰਧੀ ਨਾਲ ਮੁੜ ਮਹਿਕਾਉਣਾ ਪਏਗਾ ਤਾਂ ਕਿ ਜਿਵੇਂ ਉਸ ਮਹਿਕਾਂ ਭਰੇ ਬਗੀਚੇ ਦੀ ਮਹਿਕ ਵਲ ਹਰ ਕੋਈ ਖਿਚਿਆ ਜਾਂਦਾ ਸੀ ਤੇ ਜਿਸ ਦੀ ਮਹਿਕ ਦੀ ਹਰ ਨਿਰਪੱਖ ਵਿਦਵਾਨ ਹਾਲੇ ਵੀ ਸ਼ਲਾਘਾ ਕਰਦਾ ਰੱਜਦਾ ਨਹੀਂ, ਫੇਰ ਉਸੇ ਤਰ੍ਹਾਂ ਖਿਚਿਆ ਜਾਵੇ- ਜੋ ਜਾਤ ਪਾਤ ਅਤੇ ਕਰਮ ਕਾਂਡ ਦੀ ਬਦਬੋ ਤੋਂ ਰਹਿਤ ਹੋਵੇ। ਰਲ ਕੇ ਹੰਭਲਾ ਮਾਰਿਆਂ ਗੁਰੂ ਜੀ ਜ਼ਰੂਰ ਸਹਾਈ ਹੋਣਗੇ,

---


www.AKJ.Org

# ਸਿੱਖ ਲੋਕ ਕੁੜੀ ਮਾਰ ਬਣ ਰਹੇ ਹਨ?

(ਗਿਆਨੀ ਜਸਮੇਰ ਸਿੰਘ)

ਅਸੀਂ ਅਪ੍ਰੈਲ ੧੯੯੯ ਵਿਚ ਖਾਲਸਾ ਪੰਥ ਦਾ ਤਿੰਨ ਸੌ ਸਾਲਾ ਜਨਮ ਦਿਵਸ ਮਨਾ ਕੇ ਹਟੇ ਹਾਂ। ਇਹ ਬੜਾ ਸੁਭਾਗ ਮੌਕਾ ਸੀ ਕਿ ਕਲਗੀਧਰ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸੇ ਦੀ ਤੀਜੀ ਜਨਮ ਸ਼ਤਾਬਦੀ ਅਸਾਂ ਨੇ ਮਨਾਈ ਹੈ। ਪਰ ਕੀ ਅਸੀਂ ਗੁਰਸਿੱਖੀ ਅਸੂਲਾਂ ਦੇ ਪਾਬੰਦ ਹਾਂ ਜਾਂ ਫਿਰ ਐਵੇਂ ਹੀ ਗੁਰਪੁਰਬ, ਹੋਰ ਉਤਸਵ ਅਤੇ ਸ਼ਤਾਬਦੀਆਂ ਮਨਾਈ ਜਾ ਰਹੇ ਹਾਂ ? ਜੇਕਰ ਡੂੰਘੀ ਸੂਝ ਨਾਲ ਵੇਖਿਆ ਜਾਵੇ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਅਸੀਂ ਗੁਰੂ ਸਾਹਿਬ ਜੀ ਨਾਲੋਂ ਟੁੱਟ ਚੁਕੇ ਹਾਂ। ਅੱਜ ਕਲ ਪੰਜਾਬ ਵਿਚ ਸਾਡੇ ਵਡੇ ਸ਼ਹਿਰਾਂ ਵਿਚ ਖਾਸ਼ ਕਰ ਕੇ ਪਟਿਆਲਾ, ਲੁਧਿਆਣਾ, ਜਲੰਧਰ, ਅੰਮ੍ਰਿਤਸਰ ਵਿਚ ਸਕੈਨਿੰਗ ਕੇਂਦਰਾਂ ਵਿਚ ਭਰੂਣ ਪਛਾਣ (ਲਿੰਗ ਪਛਾਣ) ਤੇ ਪੜਤਾਲ ਦਾ ਕੰਮ ਵੱਡੇ ਪੱਧਰ ਤੇ ਹੋ ਰਿਹਾ ਹੈ। ਲਿੰਗ ਪਛਾਣ ਕਰਨ ਸਮੇਂ ਜੇਕਰ ਭਰੂਣ ਮਾਦਾ ਹੋਵੇ ਤਦ ਪੈਸੇ ਦੇ ਕੇ ਹਸਪਤਾਲ ਵਿਚ ਜਾ ਕੇ ਗਰਭ-ਪਾਤ (abortion) ਕਰਵਾਏ ਜਾਂਦੇ ਹਨ ਜਦੋਂ ਕਿ ਸਿੱਖ ਧਰਮ ਦੇ ਅਸੂਲਾਂ ਅਨੁਸਾਰ ਗਰਭਪਾਤ ਤੋਂ ਪੂਰੀ ਤਰਾਂ ਗੁਰੇਜ ਕਰਨਾ ਚਾਂਹੀਦਾ ਹੈ। ਜਦੋਂ ਭਰੂਣਪਛਾਣ ਕੀਤੀ ਜਾਂਦੀ ਹੈ ਤਾਂ ਸਕੈਨਿੰਗ ਉਪਰ ਜਮਾਂ + ਜਾਂ ਮਾਈਨਸ (-) ਦਾ ਨਿਸ਼ਾਨ ਲਾਇਆ ਜਾਂਦਾ ਹੈ। ਜੇਕਰ ਕੋਈ ਡਾਕਟਰ ਇਸ ਤਰਾਂ ਦੀ Scanning ਕਰਦਾ ਹੈ ਉਹ ਬਹੁਤ ਮਾਇਕ ਲਾਭ ਲੈਂਦਾ ਹੈ ਜੇਕਰ ਕੋਈ ਡਾਕਟਰ ਕੋਲ ਸਕੈਨਿੰਗ ਲਈ ਕੇਸ ਭੇਜਦਾ ਹੈ ਤਦ ਉਸ ਬੈਠੇ ਹੋਏ ਨੂੰ ਹੀ ਉਸ ਦੀ ਫੀਸ ਦਾ ਲਗ ਪਗ 50 ਫੀ ਸਦੀ ਰੁਪਿਆ ਮਿਲ ਜਾਂਦਾ ਹੈ।

ਹੁਣ ਸਾਡੇ ਦੇਸ਼ ਵਿਚ ਸਕੈਨਿੰਗ ਕੇਂਦਰਾਂ ਵਿਚ ਭਰੂਣ ਪਛਾਣ ਦਾ ਕੰਮ ਵਡੇ ਪੱਧਰ ਤੇ ਹੋ ਰਿਹਾ ਹੈ। ਸਾਡੇ ਪੰਜਾਬ ਵਿਚ ਬਹੁਤੀ ਘਰੀ ਮਾਦਾਬੱਚੇ ਨੂੰ ਜਨਮ ਲੈਣ ਦਾ ਹੱਕ ਨਹੀਂ ਹੈ। ਇਤਸਰੀ ਜਾਤੀ ਦੀ ਦੁਰਦਸ਼ਾ ਹੋ ਰਹੀ ਹੈ। ਪੰਜਾਬ ਵਿਚ ਇਕ ਹਜਾਰ ਨਰ (male) ਦੇ ਮੁਕਾਬਲੇ ਮਾਦਾ ਦੀ ਗਿਣਤੀ ਅੱਠ ਸੌ ਬਿਆਸੀ ਰਹਿ ਗਈ ਹੈ। ਕੇਰਲਾ ਦੇ ਸੂਬੇ ਵਿਚ 1040 ਇਸਤਰੀ ਦੇ ਮੁਕਾਬਲ। ਵਿਚ 1000 ਮਰਦਾ ਹਨ। ਤਮਲਨਾਡੂ ਵਿਖੇ 961 ਤੇ ਆਂਧਰਾ ਪਰਦੇਸ ਵਿਖੇ 913 ਇਸਤਰੀਆਂ ਇਕ ਹਜਾਰ ਮਰਦਾਂ ਦੇ ਮੁਕਾਬਲੇ ਹਨ। ਭਾਵੇਂ ਅਸੀਂ ਸਿੱਖ ਅਖਵਾਉਂਦੇ ਹਾਂ ਪਰ ਸਾਡੇ ਵਿਚ ਕੋਈ ਤਬਦੀਲ਼ੀ ਨਹੀਂ ਦਿਸ ਰਹੀ। ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮੁੱਚੇ ਸਮਾਜ ਵਿਚ ਇਸਤਰੀ ਨੂੰ ਮਰਦ ਦੇ ਬਰਾਬਰ ਦਰਜਾ ਦਿਤਾ ਸੀ। ਸ੍ਰੀ ਦਸਮੇਸ਼ ਸਤਿਗੁਰੂ ਜੀ ਨੇ ਇਸਤਰੀ ਜਾਤੀ ਨੂੰ ਪੁਰਸ਼ਾਂ ਦੇ ਨਾਲ ਅੰਮ੍ਰਿਤ ਦੀ ਅਧਿਕਾਰੀ ਬਣਾਇਆ ਸੀ ਪਰ ਹੁਣ ਅਸੀਂ ਗੁਰੂ ਸਾਹਿਬਾਨ ਦੀ ਸਿਖਿਆ ਤੇ ਉਪਦੇਸ਼ ਨੂੰ ਭੁੱਲ ਗਏ ਹਾਂ। ਅਸੀਂ ਇਸਤਰੀ ਜਾਤ ਦਾ ਸਨਮਾਨ ਨਹੀਂ ਕਰ ਰਹੇ ਸਗੋਂ ਤ੍ਰਿਸਕਾਰ ਕਰ ਰਹੇ ਹਾਂ। ਅਸੀਂ ਕੁੜੀਮਾਰ ਬਣ ਰਹੇ ਹਾਂ ? ਅਸੀਂ ਕੁੜੀਮਾਰਾਂ ਦੀ ਕਤਾਰ ਵਿਚ ਖਲੋ ਗਏ ਹਾਂ। ਸਾਡੇ ਸਿਖ ਰਹਿਤਨਾਮਿਆਂ ਵਿਚ ਅੰਕਿਤ ਹੈ ਕਿ ਖਾਲਸਾ ਕੁੜੀਮਾਰ ਨਾਲ ਨਾ ਵਰਤੇ। ਪਰ ਅਸੀਂ ਗੁਰੂ ਹੁਕਮਾਂ ਨੂੰ ਪਿੱਠ ਦਿਤੀ ਹੋਈ ਹੈ।

ਅਨੇਕਾਂ ਮਨੁੱਖੀ ਅਧਿਕਾਰ ਸੰਗਠਨ ਬਣੇ ਹੋਏ ਹਨ। ਦੇਸ਼ ਵਿਚ ਬੜੀਆਂ ਸਮਾਜਕ ਜਥੇਬੰਦੀਆਂ ਹੋਂਦ ਵਿਚ ਆ ਚੁਕੀਆਂ ਹਨ ਪਰ ਕਿਸੇ ਸੰਗਠਨ ਜਾਂ ਜਥੇਬੰਦੀ ਦਾ ਇਸਤਰੀ ਦੀ ਹੋ ਰਹੀ ਦੁਰਦਸ਼ਾ ਵਲ ਉੱਕਾ ਧਿਆਨ ਨਹੀਂ ਜਾਂਦਾ। ਅੱਜ ਵੀ ਜੇਕਰ ਘਰਾਂ ਵਿਚ ਕੁੜੀ ਜੰਮ ਪਵੇ ਅਸੀਂ ਸੋਗ ਮਨਾਉਂਦੇ ਹਾਂ। ਸਾਨੂੰ ਕੇਵਲ ਮੁੰਡਿਆਂ ਦਾ ਫਿਕਰ ਹੈ। ਗੁਰੂ ਨਾਨਕ ਦੇਵ ਜੀ ਨੇ ਆਪਨੇ ਸਮੇਂ ਇਸਤਰੀ ਜਾਤੀ ਉਤੇ ਹੋ ਰਹੇ ਜ਼ੁਲਮਾ ਦੀ ਨਿਖੇਧੀ ਕੀਤੀ ਸੀ। ਇਸਤਰੀ ਜਾਤੀ ਨੂੰ ਮਰਦ ਦੇ ਬਰਾਬਰ ਦਰਜਾ ਦਿਤਾ ਸੀ। ਇਸਤਰੀ ਜਾਤੀ ਨੂੰ ਉੱਚੀ ਪਦਵੀ ਦੇ ਕੇ ਇਸਤਰੀ ਦਾ ਸਤਿਕਾਰ ਕੀਤਾ ਸੀ। ਸਾਨੂੰ ਆਪਨੀ ਸੋਚ ਬਦਲ ਲੈਣੀ ਚਾਹੀਦੀ ਹੈ। ਮਾਦਾ ਬੱਚਿਆਂ ਨੂੰ ਨਰ ਬੱਚਿਆਂ ਦੇ ਸਮਾਨ ਸਮਝਣਾ ਚਾਹੀਦਾ ਹੈ। ਸਿਖੀ ਵਿਚ ਸਮਾਨਤਾ ਹੈ, ਵਿਤਕਰਾ ਨਹੀਂ। ਸਾਨੂੰ ਇਸਤਰੀ ਜਾਤੀ ਦੀ ਨਸਲਕੁਸ਼ੀ ਕਰਨ ਤੋਂ ਬਚਣਾ ਚਾਹੀਦਾ ਹੈ। ਨਹੀਂ ਤਾਂ ਅਸੀਂ ਕੁੜੀਮਾਰ ਅਖਵਾਵਾਂਗੇ। ਕੁੜੀਮਾਰ ਹੋਣਾ ਤੇ ਸਿਖ ਹੋਣਾ ਇਹ ਦੋਵੇਂ ਇੱਕਠੇ ਨਹੀਂ ਚਲ ਸਕਦੇ। • •



www.AKJ.Org

# ਵਿਸਮਾਦੁ ਪਾਉਣ ਵਿਸਮਾਦੁ ਪਾਣੀ

ਕਰਤੇ ਦੀਆਂ ਕਿਰਤਾਂ ਦਾ ਕੋਈ ਅੰਤ ਨਹੀਂ। ਜਿਵੇਂ ਜਿਵੇਂ ਗਿਆਨੀ ਤੱਤ ਫੋਲਦੇ ਹਨ ਅਤੇ ਵਿਗਿਆਨੀ ਰਮਜ਼ਾਂ ਖੋਲਦੇ ਹਨ ਤਿਵੇਂ ਤਿਵੇਂ ਵਾਹਿਗੁਰੂ ਦੀ ਵਿਸ਼ਾਲਤਾ ਦਾ ਪਤਾ ਲੱਗਦਾ ਹੈ ਅਤੇ ਪਤਾ ਲਗਦਾ ਹੈ ਇਸ ਬ੍ਰਹਿਮੰਡ ਵਿਚ ਸਾਡੀ ਕਿਹੜੀ ਤੇ ਕਿਤਨੀ ਕੁ ਥਾਂ ਹੈ। ਸ਼ਬਦ ਅਨਾਹਤ ਰੂਪ ਅਕਾਲ ਪੁਰਖ ਨੇ ਕਿਤਨੇ ਨਾਦ, ਤੇ ਬਾਣੀਆਂ, ਕਿਤਨੀਆਂ ਧਰਤੀਆ ਗ੍ਰਹਿ ਅਤੇ ਕਿਤਨੇ ਸੂਰਜ ਚੰਨ ਬਣਾਏ ਹਨ। ਗੁਰੂ ਨਾਨਕ ਪਾਤਸ਼ਾਹ ਫੁਰਮਾਉਂਦੇ ਹਨ ਕਿ ਮੈਂ ਤਾਂ ਵੇਖ ਵੇਖ ਕੇ ਹੈਰਾਨੀ ਭਰੀ ਖੁਸ਼ੀ ਭਾਵ ਵਿਸਮਾਦ ਵਿਚ ਆ ਜਾਂਦਾ ਹਾਂ। ਉਸਦੀ ਵਿਸ਼ਾਲਤਾ ਦਾ ਨਾਪ ਤੋਲ ਤਾਂ ਅਸੰਭਵ ਹੈ, ਪਰ ਜੇ ਇਤਨਾ ਹੀ ਪਤਾ ਲੱਗ ਜਾਏ ਇਸ ਗੱਲ ਦਾ ਗਿਆਨ ਭਰ ਹੀ ਹੋ ਜਾਏ ਕਿ ਉਹ ਬੇਅੰਤ ਹੈ, ਬਹੁ ਬੇਅੰਤ ਹੈ, ਅਤਿ ਉਚਾ ਹੈ ਤਾਂ ਇਹ ਪੂਰੀ ਖੁਸ਼ਕਿਸਮਤੀ ਦੀ ਗੱਲ ਹੈ।

ਇਥੇ ਅਸੀਂ ਪਾਉਣ, ਪਾਣੀ ਅਤੇ ਅਗਨੀ ਦੀ ਹੀ ਗੱਲ ਉਦਾਹਰਨ ਵਜੋਂ ਕਰਾਂਗੇ। ਸੱਚ ਸਰੂਪ ਅਕਾਲ ਪੁਰਖ ਨੇ ਪਾਉਣ ਤੇ ਪਾਣੀ ਬਣਾਇਆ, ਫਿਰ ਪਾਣੀ ਚੋਂ ਤ੍ਰਿਭਵਨ ਸਾਜਿਆ। ਇਹ ਗੱਲ ਅੱਜ ਵਿਗਿਆਨ ਨੇ ਵੀ ਮੰਨੀ ਹੈ। ਗੁਰੂ ਨਾਨਕ 'ਦੇਵ ਜੀ ਦਾ ਹੁਕਮ ਹੈ ....

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥
ਜਲ ਤੇ ਤ੍ਰਿਭਵਨ ਸਾਜਿਆ ਘਟਿ ਘਟਿ ਜੋਤਿ ਸਮੋਇ॥ (ਸਿਰੀ ਰਾਗ ਮ: ੧)

ਬਹੁਤੇ ਸਿਆਣੇ ਇਹ ਤਾਂ ਸਮਝ ਗਏ ਹਨ ਕਿ ਜਿਹਾ ਹੁਕਮ ਗੁਰਬਾਣੀ ਦਾ ਹੈ ਉਸ ਤਰਾਂ ਸ੍ਰਿਸ਼ਟੀ ਸਾਜੀ ਗਈ ਹੈ, ਪਰ ਹੁਕਮ ਨੂੰ ਉਹ ਅੱਧਾ ਹੀ ਮੰਨਦੇ ਹਨ। ਬਸ ਇਥੋਂ ਤੱਕ ਹੀ ਕਿ ਪਹਿਲਾਂ ਸਭ ਕੁਝ ਪਵਨ ਰੂਪ ਸੀ ਫਿਰ ਉਸ ਦਾ ਦ੍ਰਵੀ ਕਰਨ ਹੋਇਆ ਭਾਵ ਪਾਣੀ ਬਣਿਆ ਤੇ ਫਿਰ ਸ੍ਰਿਸ਼ਟੀ ਬਣੀ। ਉਹ ਇਸ ਗੱਲ ਨੂੰ ਅਜੇ ਨਹੀਂ ਸਮਝ ਸਕੇ ਕਿ ਜੋ ਕੁਝ ਵਾਹਿਗੁਰੂ ਨੇ ਬਣਾਇਆ ਹੈ ਉਸ ਸਭ ਕਾਸੇ ਅੰਦਰ ਉਸਦੀ ਜੋਤ ਦਿਨ ਰਾਤ ਲਗਾਤਾਰ ਸਹਿਜੇ ਹੀ ਉਸਨੂੰ ਚਲਾ ਰਹੀ ਹੈ।

ਅਸੀਂ ਆਮ ਮਨੁੱਖ ਪਾਣੀ ਨੂੰ ਵੇਖ ਕੇ ਖੁਸ਼ ਹੁੰਦੇ ਹਾਂ। ਨਹਾਈਏ ਤਾਂ ਚਿੱਤ ਪ੍ਰਸੰਨ ਹੁੰਦਾ ਹੈ। "ਮੁੱਖ ਪੀਤੈ ਤਿਖ ਜਾਇ" ਦੇ ਹੁਕਮ ਅਨੁਸਾਰ ਪਾਣੀ ਪੀਣ ਨਾਲ ਪਿਆਸ ਬੁੱਝ ਜਾਂਦੀ ਹੈ। ਹੱਥਾਂ ਪੈਰਾਂ ਦੀ ਮੈਲ਼ ਪਾਣੀ ਨਾਲ ਲਾਹ ਲਈਦੀ ਹੈ। ਘਰਾਂ ਦੇ ਫਰਸ਼ ਸਾਫ਼ ਕਰਦੇ ਹਾਂ, ਕਪੜੇ ਧੋਂਦੇ ਹਾਂ ਅਤੇ ਪਾਣੀ ਨਾਲ ਹੀ ਖੇਤੀ ਹੁੰਦੀ ਹੈ ਤੇ ਸਾਨੂੰ ਜੀਵਨ ਦੇਣ ਵਾਲਾ ਅੰਨ ਪ੍ਰਾਪਤ ਹੁੰਦਾ ਹੈ।

ਖੋਜੀ ਵਿਗਿਆਨੀਆਂ ਨੇ ਪਾਣੀ ਦਾ ਹੋਰ ਵਿਸ਼ਲੇਸ਼ਣ ਕੀਤਾ ਹੈ ਉਹਨਾਂ ਨੂੰ ਪਤਾ ਲੱਗਾ ਕਿ ਇਸ ਵਿਚ ਦੋ ਤਰਾਂ ਦੀਆਂ ਪਵਨਾਂ ਹਾਈਡਰੋਜਨ ਤੇ ਆਕਸੀਜਨ ਮੌਜੂਦ ਹਨ ਇਹ ਹਾਈਡਰੋਜਨ ਦੇ ਦੋ ਅਣੂ ਤੇ ਆਕਸੀਜਨ ਦੇ ਇਕ ਅਣੂ ਦੇ ਮਿਲਾਣ ਨਾਲ ਬਣਿਆ ਹੈ। ਵਿਗਿਆਨ ਵਾਲੇ ਇਸਨੂੰ $H_2O$ ਕਰਕੇ ਲਿਖਦੇ ਹਨ। ਇਹ ਵੀ ਇੱਕ ਵਿਗਿਆਨਕ ਤੱਥ ਹੈ ਕਿ ਆਕਸੀਜਨ ਸਾਡੇ ਜੀਵਨ ਲਈ ਅਤੀ ਜ਼ਰੂਰੀ ਹੈ ਇਸਦੇ ਘਟ ਜਾਣ ਨਾਲ ਔਖੇ ਤੇ ਉਭੇ ਸਾਹ ਆਉਂਦੇ ਹਨ ਜੇ ਇਹ ਨਾ ਮਿਲੇ ਤਾਂ ਜੀਵ ਜੰਤੂਆਂ ਦੀ ਮੌਤ ਹੋ ਜਾਂਦੀ ਹੈ। ਇਤਨੀ ਜ਼ਰੂਰੀ ਤੇ ਲਾਭਦਾਇਕ ਹੈ ਇਹ ਆਕਸੀਜਨ।

ਅੱਜ ਦੇ ਜੁੱਗ ਵਿਚ ਜਦੋਂ ਵਿਗਿਆਨੀ ਗਗਨਾਂ ਨੂੰ ਖੁੰਘਾਲਣ ਲੱਗੇ ਹੋਏ ਹਨ ਅਤੇ ਚੰਨ ਤੋਂ ਚੰਨ ਦੀ ਮਿੱਟੀ ਵੀ ਲੈ ਆਏ ਹਨ ਹੁਣ ਉਹ ਮੰਗਲ, ਤਾਰੇ ਅਤੇ ਹੋਰ ਗ੍ਰਹਿਆਂ ਉਤੇ ਪੁਜਣ ਦੀਆਂ ਵਿਉਂਤਾਂ ਪਏ ਬਣਾਉਂਦੇ ਹਨ। ਅਸੀਂ ਨਿੱਤ ਸੁਣਦੇ ਹਾਂ ਕਿ ਸਾਰੇ ਹੀ ਵਿਕਸਿਤ ਤੇ ਕੁਝ ਵਿਕਾਸਸ਼ੀਲ ਦੇਸ਼ ਰਾਕਟਾਂ ਦੇ ਦੁਆਰਾ ਆਸਮਾਨ ਵਿਚ ਸੈਟੇਲਾਈਟ ਭੇਜ ਰਹੇ ਹਨ ਜੋ ਮੌਸਮਾਂ ਤੋਂ ਇਲਾਵਾ ਖਗੋਲ ਦਾ ਕਿਤਨਾ ਭੰਡਾਰ ਫੋਲ ਰਹੇ ਹਨ। ਰਾਕਟ ਨੂੰ ਚਲਾਉਣ ਲਈ ਜੋ ਈਂਧਣ ਜਾਂ ਬਾਲਣ ਇਸਤੇਮਾਲ ਹੁੰਦਾ ਹੈ ਉਹ ਹਾਈਡਰੋਜਨ ਹੈ। ਹਰ ਵਸਤੂ ਨੂੰ ਬਾਲਣ ਲਈ ਆਕਸੀਜਨ ਦੀ ਜਰੂਰਤ ਹੈ।

ਕਿਤਨੀ ਹੈਰਾਨੀ ਤੇ ਵਿਸਮਾਦੁ ਦੀ ਗੱਲ ਹੈ ਕਿ ਹਾਈਡਰੋਜਨ ਨੂੰ ਬਾਲ ਕੇ ਸ਼ਕਤੀ ਪੈਦਾ ਕਰਨ ਲਈ ਆਕਸੀਜਨ ਦਾ ਪ੍ਰਯੋਗ ਕੀਤਾ ਜਾ ਰਿਹਾ ਹੈ, ਕਿਸੇ ਹੀ ਇਸੇ ਹੀ ਪ੍ਰਕਿਰਿਆ ਨੂੰ ਅਕਾਲ ਪੁਰਖ ਸੂਰਜ

(ਬਾਕੀ ਪੰਨਾ ੨੧ ਤੇ )



www.AKJ.Org

# ਮੈਨੂੰ ਜਵਾਬ ਦੇਣਾ ਔਖਾ ਸੀ।

ਪਿਤਾ ਜੀ ਉਹ ਦਿਨ ਕਦ ਆਵੇਗਾ?

ਕਦੋਂ ਆਵੇਗਾ ਉਹ ਦਿਨ- ਮੈਨੂੰ ਬੜੀ ਬੇ-ਸਬਰੀ ਨਾਲ ਉਡੀਕ ਹੈ?

ਮੈਂ ਉਹਨਾਂ ਪਲਾਂ ਨੂੰ ਅੱਖਾਂ ਅੰਦਰੋਂ ਦਿਲਾਂ ਦੀਆਂ ਡੂੰਘਾਈਆਂ ਤਕ ਸਮਾਂ ਲੈਣਾ ਚਾਹੁੰਦਾ ਹਾਂ। ਸੱਚ ਪਿਤਾ ਜੀ ਮੈਨੂੰ ਉਹਨਾਂ ਪਲਾਂ ਦੀ ਇਵੇਂ ਉਡੀਕ ਹੈ ਜਿਵੇਂ ਸੰਵਾਦੀ ਬੂੰਦ ਦੀ ਪਪੀਹੇ ਨੂੰ। ਕਿਹੜੇ ਦਿਨ ਦੀ? ਕਿਹੜੇ ਪਲਾਂ ਦੀ ਪੁੱਤਰ? ਆਪਣੇ ਪੁੱਤਰ ਦੀਆਂ ਦਿਲੋਂ ਦਿਮਾਗ਼ ਤੋਂ ਨਿਕਲੀਆਂ ਇਹਨਾਂ ਤਰੰਗਾ ਬਾਰੇ ਮੈਂ ਉਸ ਤੋਂ ਪੁਛਿਆ। ਯਾਦ ਨਹੀਂ ਤੁਹਾਨੂੰ ਪਿਤਾ ਜੀ? ਤੁਸੀਂ ਹੀ ਤਾਂ ਦਸਿਆ ਸੀ ਕਿ,

"ਇਕ ਦਿਨ ਦੋ ਗੁਰਸਿਖ ਵੀਰਾਂ ਸ: ਪ੍ਰੀਤਮ ਸਿੰਘ ਅਤੇ ਸ: ਗੁਰਸ਼ਰਨ ਸਿੰਘ ਵਿਚ ਕਿਸੇ ਗ਼ਲਤ ਫ਼ਹਿਮੀ ਕਾਰਣ ਤਕਰਾਰ ਦੋਨਾਂ ਨੂੰ ਇਕ ਦੂਜੇ ਤੋਂ ਦੂਰ ਲੈ ਗਿਆ। ਉਹ ਵੀਰ ਜੋ ਕਦੇ ਇਕੱਠੇ ਮਿਲ ਨਿਰੰਕਾਰ ਦੇ ਦੇਸ ਨੂੰ ਚਾਲੇ ਪਾਂਦੇ ਸਨ ਤੇ 'ਮਿਲਬੇ ਕੀ ਮਹਿਮਾ ਬਰਨ ਨ ਸਾਕਉਂ' ਦੇ ਗੁਰਵਾਕ ਨੂੰ ਸਾਕਾਰ ਕਰਦੇ ਹੋਏ ਗੁਰੂ ਦੀਆਂ ਬਖ਼ਸ਼ਿਸ਼ਾਂ ਪ੍ਰਾਪਤ ਕਰਦੇ ਸਨ-ਇਕ ਦੂਜੇ ਤੋਂ ਬੇਮੁਖ ਹੋ ਗਏ ਅਤੇ ਅਲਾਹੀ ਨਜ਼ਾਰਿਆਂ ਤੋਂ ਵਾਂਝੇ ਹੋ ਵਿਛੜ ਚੋਟਾਂ ਖਾਣ ਲੱਗੇ। ਉਹ ਵੀਰ ਜੋ ਸਮ੍ਹਾਂ ਬੰਨ੍ਹ ਦੇਂਦੇ ਸਨ- ਸਮਾਂ ਉਹਨਾਂ ਨੂੰ ਬੰਨਣ ਲੱਗਾ।

ਪਰ ਮਨ ਸਾਫ ਸਨ- ਮਨਾਂ ਵਿਚ ਤਾਂਘ ਸੀ- ਮਨਾਂ ਵਿਚ ਪਿਆਰ ਸਨ- ਮਨਾਂ ਵਿਚ ਚਾਹ ਸੀ ਉਸ ਰੋਜ਼ੀ ਬਾਲਮ ਨੂੰ ਮਿਲਣ ਦੀ। ਸਮਾਂ ਅਟਕਿਆ- ਇਕ ਦਿਨ ਐਸਾ ਆਇਆ- ਐਸੇ ਪਲ ਆਏ ਕਿ ਦੋਨੋਂ ਵੀਰ ਸ: ਪ੍ਰੀਤਮ ਸਿੰਘ ਅਤੇ ਸ: ਗੁਰਸ਼ਰਨ ਸਿੰਘ ਵੱਖ ਦਿਸ਼ਾ ਵਲੋਂ ਆਂਦੇ ਹੋਏ- ਇਕ ਬਿੰਦੂ ਤੇ ਆਮ੍ਹਣੇ ਸਾਹਮਣੇ ਖੜੇ- ਇਕ ਦੂਜੇ ਦੀਆਂ ਅੱਖਾਂ ਵਿਚ ਅੱਖਾਂ ਮਿਲਾ ਅੱਖਾਂ ਨਾਲ ਹੀ ਐਸੇ ਪ੍ਰੇਮ ਵਿਛੋੜੇ ਦੀਆਂ ਗੱਲਾ ਕਹਿ ਗਏ ਕਿ ਅੱਖਾਂ ਦੇ ਪਿੱਛੇ ਸਮਾਇਆ ਅਥਾਹ ਪ੍ਰੇਮ ਸਾਗਰ ਬੂੰਦਾਂ ਦੀ ਸ਼ਕਲ ਵਿਚ ਵਹਿਣ ਲਗ ਪਿਆ- ਬਸ ਫਿਰ ਕੀ ਸੀ- ਅਗਲੇ ਹੀ ਪਲ ਇਕ ਐਸੀ ਗਲਵਕੜੀ ਪਈ- ਜਿਸ ਨੂੰ ਦੁਨੀਆਂ ਦੀ ਕੋਈ ਵੀ ਸ਼ਕਤੀ ਵਖ ਨਹੀਂ ਸੀ ਕਰ ਸਕੀ। ਫਿਰ ਐਸਾ ਮਿਲਣ ਹੋਇਆ ਕਿ ਇੱਕਠੇ ਤੋੜ ਨਿਬੈ ਤੇ ਜਾ ਵੱਸੇ ਉਸ ਨਿਰੰਕਾਰ ਦੇ ਨਿਰਵੈਰ ਦੇਸ਼ ਵਿਚ।"

ਹਾਂ ਪਿਤਾ ਜੀ ਅਜ ਮੈਨੂੰ ਵੀ ਐਸੀ ਮਿਲਣੀ ਦੀ ਉਡੀਕ ਹੈ। ਜਦੋਂ ਜੱਥੇ ਦੇ ਸਿੰਘਾਂ ਵਿਚ ਜਾਣੇ ਅਣਜਾਣੇ ਗ਼ਲਤ ਫ਼ਹਿਮੀਆਂ ਕਾਰਣ ਝੂਠੇ ਹਉਮੈ ਕਾਰਣ-ਇਕ ਦੂਜੇ ਤੋਂ ਦੂਰ ਹੋਏ ਸਨ- ਮੈਂ ਇਹੀ ਸੋਚਿਆ ਸੀ ਕਿ ਜਲਦੀ ਹੀ ਮੈਨੂੰ ਉਸ ਮਿਲਣੀ ਦੇ ਦੀਦਾਰ ਹੋਣਗੇ ਜੋ ਕਦੇ ਜ਼ਮਾਨੇ ਵਿਚ ਪ੍ਰੀਤਮ ਸਿੰਘ ਅਤੇ ਗੁਰਸ਼ਰਨ ਸਿੰਘ ਦੇ ਰੂਪ ਵਿਚ ਦੇਖੇ ਸੀ। ਪਰ ਪਿਤਾ ਜੀ ਕੀਮਤੀ ਸਮਾਂ ਬੀਤਦਾ ਜਾ ਰਿਹਾ ਹੈ- ਹੁਣ ਤਾਂ ਕਾਫੀ ਦੇਰ ਹੋ ਗਈ ਹੈ। ਇਹ ਮਿਲਣੀ ਕਿਉਂ ਨਹੀਂ ਹੋ ਰਹੀ? ਪਿਤਾ ਜੀ ਮੇਰੇ ਮਨ ਵਿਚ ਸ਼ੰਕਾ ਪੈਦਾ ਹੋ ਰਹੀ ਹੈ ਕਿ :-

ਕੀ ਇਹ ਵੀਰ ਫੋਕੀ ਹਉਮੈ ਸਦਕਾ ਗੁਰਸਿਖੀ ਦੇ ਉਚੇ ਆਚਰਣ ਪਿੱਠ ਤਾਂ ਨਹੀਂ ਦੇ ਰਹੇ?

ਕੀ ਇਸ ਤਰ੍ਹਾਂ ਕਰਨ ਨਾਲ ਉਹ ਕਿਹੜੇ ਪੰਥ ਦੀ ਸੇਵਾ ਕਰ ਰਹੇ ਹਨ?

ਕੀ ਇਸ ਤਰ੍ਹਾਂ ਕਰਨ ਨਾਲ ਉਹ ਮੇਰੇ ਉਹਨਾਂ ਵੀਰਾਂ ਨੂੰ ਧਰਮੀ ਬਣਨ ਤੋਂ ਦੂਰ ਤਾਂ ਨਹੀਂ ਕਰ ਰਹੇ- ਜੋ ਕਿ ਅੰਮ੍ਰਿਤ ਛਕਣ ਨੂੰ ਤਿਆਰ ਤਾਂ ਹੋਣੇ ਚਾਹੁੰਦੇ ਹਨ- ਪਰ ਨਿਰੋਲ ਧਾਰਮਿਕ ਜਥੇਬੰਦੀਆਂ ਦੇ ਨਿਰਮੂਲ ਝਗੜਿਆਂ ਕਾਰਣ ਮਤਨ ਖੱਟੇ ਕਰੀ ਬੈਠੇ ਹਨ?

ਕੀ ਇਹ ਨਿਰੋਲ ਧਾਰਮਿਕ ਜਥੇਬੰਦੀਆਂ ਸਾਨੂੰ ਮਾਸੂਮ ਬੱਚਿਆਂ ਨੂੰ ਖਾਲਸੇ ਦੇ 300 ਸਾਲਾ ਵਰ੍ਹੇ ਨੂੰ ਇਹ ਵਿਰਸਾ ਦੇਣਗੀਆਂ?

*ਕੀ ਅਜੋਕੇ ਸਮੇਂ ਅੰਦਰ ਜਦੋਂ ਕਿ ਚਾਰੇ ਪਾਸੇ ਤੋਂ ਧਰਮ ਨੂੰ ਨਸ਼ਟ ਕਰਨ ਹਿੱਤ ਕਈ ਤਰ੍ਹਾਂ ਦੇ ਤੂਫਾਨ ਹਨੇਰੀਆਂ ਝੁਲ ਰਹੇ ਹਨ ਇਹ ਧਾਰਮਿਕ ਜਥੇਬੰਦੀਆਂ ਦੇ ਝਗੜੇ ਆਮ ਸਿੱਖ ਨੂੰ ਸ਼ਬਦ ਗੁਰੂ ਤੋਂ ਦੂਰ ਕਰ ਦੇਹਧਾਰੀ ਗੁਰੂਆਂ ਵਲ ਨਹੀਂ ਧਕੇਲ ਰਹੇ ਜੋ ਬੜੇ ਚਤੁਰਾਈ ਭਰੇ ਅਨੁਸ਼ਾਸ਼ਨ ਅਤੇ ਦਿਖਾਵੀ ਪ੍ਰੇਮ ਨਾਲ ਪਹਿਲਾਂ ਹੀ ਨਿਰੰਤਰ ਆਪਦੀ ਗਿਣਤੀ ਵਿਚ ਵਾਧਾ ਕਰੀ ਬੈਠੇ ਹਨ?*

ਕੀ ਹੁਣ ਕੀਰਤਨ ਵਿਚ ਉਹ ਰਸ ਰਹਿ ਗਿਆ ਜੋ ਕਦੇ 'ਮਿਲਬੇ ਕੀ ਮਹਿਮਾ ਬਰਣ ਨ ਸਾਕਉ' ਵਾਲੇ ਪ੍ਰੇਮੀ ਗਾਇਣ ਕਰਦੇ ਅਨੇਕਾਂ ਰੂਹਾਂ ਨੂੰ ਤ੍ਰਿਪਤ ਕਰ ਗੁਰੂ ਦੀਆਂ ਮਿਹਰਾਂ ਹਾਸਲ ਕਰਦੇ ਸਨ?

ਕੀ ਰੰਗਲੇ ਸੱਜਣ ਪੈਦਾ ਕਰਣ ਵਾਲੀ ਫੈਕਟਰੀ ਜਿਸ ਦੀ ਬੁਨਿਆਦ ਗੁਰੂ ਸਾਹਿਬਾਂ ਨੇ ਸਰਬੰਸ ਵਾਰ ਕੇ ਅਤੇ ਬੇਅੰਤ ਸਿੰਘਾਂ ਦੀਆਂ ਸ਼ਹੀਦੀਆਂ ਤੇ ਰੱਖੀ ਸੀ- ਇਹਨਾਂ ਧਾਰਮਿਕ ਜਥੇਬੰਦੀਆਂ ਦੇ ਝਗੜੇ ਕਾਰਣ ਹੁਣ ਰੰਗਲੇ ਸੱਜਣ ਪੈਦਾ ਕਰ ਰਹੀ ਹੈ?

ਕੀ ਨਿਰਵੈਰ ਗੁਰੂ ਦੇ ਉਪਾਸ਼ਕ ਇਹ ਵੀਰ ਆਪਸ ਵਿਚ ਵੈਰ ਰੱਖ ਕੇ ਦੁਨੀਆਂ ਨੂੰ ਕਿਸ ਨਿਰਵੈਰਤਾ ਦਾ ਪ੍ਰਚਾਰ ਕਰਨਗੇ?

ਕੀ ਪਰਾਈ ਤਾਤ ਨੂੰ ਵਿਸਾਰਣ ਵਾਲੇ ਇਹ ਵੀਰਾਂ ਦਾ ਗੁਲਿਸਤਾਨ 'ਨਾ ਕੋ ਵੈਰੀ ਨਹੀ ਬੇਗਾਨਾ' ਵਾਲੀ ਸੁਗੰਧ ਮਹਿਕਾ ਰਿਹਾ ਹੈ?

ਕੀ 'ਬਾਂਧੀ ਭਗਤ ਨ ਛੁਟੇ ਮੋਹੇ' ਵਾਲੇ ਮਹਾਨ ਭਗਤਾਂ ਦੀ ਇਹਨਾਂ ਝਗੜਿਆਂ ਤੋਂ ਦੁਖੀ ਹੋਈ ਆਤਮਾ- ਇਹਨਾਂ ਝਗੜਾਲੂ ਵੀਰਾਂ ਨੂੰ ਪਰਮਾਤਮਾ ਦੀ ਦਰਗਾਹ ਦੀ ਕਰੋਪੀ ਤੋਂ ਕਿਵੇਂ ਬਚਾਏਗੀ?

ਕੀ ਇਹਨਾਂ ਵੀਰਾਂ ਨੂੰ ਅੱਗਾ ਨਜ਼ਰ ਨਹੀਂ ਆਉਂਦਾ ਕਿ ਇਹ ਪਰਮਾਤਮਾ ਦੀ ਦਰਗਾਹ ਤੋਂ ਲੋਕ- ਪ੍ਰਲੋਕ ਵਿਚ ਬੱਧੇ ਕਿਵੇਂ ਛੁਟਣਗੇ?

ਇਹੋ ਸਾਰੇ ਇਤਨੇ ਸਵਾਲ ਕਰਕੇ ਮੇਰਾ ਅੰਦਰ ਹਿਲਾ ਦੇਣ ਤੇ ਮੈਨੂੰ ਲੱਗਾ ਜਿਵੇਂ ਪੰਥ ਦਾ ਹਰ ਬੱਚਾ ਅੱਜ ਇਹੀ ਸਵਾਲ ਕਰ ਰਿਹਾ ਹੋਵੇ। ਪਰ ਹਰ ਹੀਲੇ ਚੜ੍ਹਦੀ ਕਲਾ ਵਿਚ ਰਹਿਣ ਦੀ ਗੁਰੂ ਸਾਹਿਬ ਦੀ ਸਿੱਖਿਆ ਨੇ ਡੋਲਣ ਤੋਂ ਬਚਾ ਲੈਣ ਦੀ ਤਾਕਤ ਦਾ ਸਹਾਰਾ ਲੈਂਦੇ ਮੈਂ ਇਹ ਹੀ ਕਹਿ ਸਕਿਆ ਕਿ :-

"ਪੁੱਤਰ ਜੀ ਇਹਨਾਂ ਸਵਾਲਾਂ ਦਾ ਜਵਾਬ ਤਾਂ ਮਹਾਨ ਆਤਮਾਵਾਂ ਹੀ ਦੇ ਸਕਦੀਆਂ ਹਨ। ਪਰ ਪੁੱਤਰ-ਗੁਰੂ ਦੀ ਸਿੱਖੀ ਮਹਾਨ ਹੈ- ਅਤੇ ਅਮਲਾਂ ਕਰਕੇ ਕੋਈ ਗੁਰੂ ਤੋਂ ਨੇੜੇ ਹੈ ਤੇ ਕੋਈ ਦੂਰ। ਸੋ ਆਪਣੇ ਅਮਲਾਂ ਕਰਕੇ ਕੋਈ ਸਿੱਖ ਤਾਂ ਗ਼ਲਤ ਹੋ ਸਕਦਾ ਹੈ- ਸਿੱਖੀ ਨਹੀਂ। ਜਿਤਨੀ ਕੋਈ ਸਿੱਖੀ ਕਮਾਵੇਗਾ- ਉਹਨਾਂ ਮਹਾਨ ਹੋਵੇਗਾ। ਜੋ ਨਿੱਜੀ ਹਿਤਾਂ ਕਾਰਣ ਅਤੇ ਆਪਣੀ ਹਉਮੈ ਨੂੰ ਪੱਠੇ ਪਾਉਣ ਦੀ ਖਾਤਰ ਸਮੁਚੀ ਦੁਨਿਆਈ ਦਾ ਭਲਾ ਮੰਗਣ ਵਾਲੇ ਪੰਥ ਨੂੰ ਨੁਕਸਾਨ ਪਹੁੰਚਾਉਣਗੇ- ਲੋਕ ਪ੍ਰਲੋਕ ਗਵਾਉਣਗੇ। ਖਾਸ ਕਰਕੇ **ਸੰਗਤ ਵਿਚ ਵੈਰ ਵਿਰੋਧ ਪੈਦਾ ਕਰਣ ਵਾਲੇ ਕਦੀ ਵੀ ਗੁਰੂ ਸਾਹਿਬ ਦੀ ਬਖਸ਼ਿਸ਼ ਦੇ ਪਾਤਰ ਨਹੀਂ ਬਣ ਸਕਦੇ।**

ਗੁਰੂ ਸਾਹਿਬ ਅਗੇ ਅਰਦਾਸ ਹੈ ਕਿ ਇਹਨਾਂ ਵੀਰਾਂ ਨੂੰ ਕਲੰਕਿਤ ਹੋਣ ਤੋਂ ਬਚਾਏ ਤਾਂ ਜੋ ਖਾਲਸੇ ਦੇ ੩੦੦ ਸਾਲਾ ਜਨਮ ਵਰ੍ਹੇ ਦੌਰਾਨ ਹੀ ਸਿੱਖ ਇਤਿਹਾਸ ਨੂੰ ਖੋਰਾ ਲੱਗਣ ਦੇ ਦੋਸ਼ ਤੋਂ ਮੁਕਤ ਹੋ ਸਕਣ।"

---

(ਪੰਨਾ ੧੯ ਦਾ ਬਾਕੀ ...)

ਦੇ ਆਕਾਰ ਅੰਦਰ ਹਰ ਪਲ, ਦਿਨ ਰਾਤ ਦੁਹਰਾ ਰਿਹਾ ਹੈ ਜੋ ਸਾਡੇ ਜਿਉਣ ਵਾਸਤੇ ਜੀਵਨ ਤੇ ਸ਼ਕਤੀ ਦਾ ਸੋਮਾ ਹੈ। ਕਿਤੇ ਤਾਂ ਇਹ ਦੋਵੇਂ ਪਵਨਾਂ ਮਿਲ ਕੇ ਪਾਣੀ ਦਾ ਰੂਪ ਧਾਰ, ਬਲਦੀ ਅੱਗ ਬੁਝਾਉਂਦੀਆਂ ਹਨ ਅਤੇ ਕਿਤੇ ਦੋਵੇਂ ਵੱਖ ਹੋ ਕੇ ਬਲਣ ਬਾਲਣ ਅਤੇ ਜਲਨ ਜਾਲਣ ਦੀ ਖੇਡ ਰਚਾਉਂਦੀਆਂ ਹਨ। ਇਹ ਭੌਤਿਕ ਜੀਵਨ ਦੀ ਖੇਡ ਹੈ। ਅਧਿਆਤਕ ਜੀਵਨ ਵਿਚ ਹੀ ਇਸ ਤਰਾਂ ਹੀ ਹੁੰਦਾ ਹੈ ਜਦੋਂ ਜੀਵਨ ਦਾਤਾ ਮਿਲ ਜਾਂਦਾ ਹੈ ਉਦੋਂ ਜਲ ਵਰਗੀ ਸ਼ਾਂਤੀ ਪ੍ਰਾਪਤ ਹੁੰਦੀ ਹੈ ਜਦੋਂ ਅਸੀਂ ਦਾਤੇ ਨਾਲੋ ਵਿਛੜ ਜਾਂਦੇ ਹਾਂ ਤਾਂ ਅਸੀਂ, "ਬਿਨ ਸਿਮਰਨ ਜੋ ਜੀਵਨ ਬਲਣਾ" ਵਰਗਾ ਜੀਵਨ ਬਿਤਾ ਰਹੇ ਹੁੰਦੇ ਹਾਂ, ਬਲ ਰਹੇ ਹੁੰਦੇ ਹਾਂ।

ਬਸ ਇਹੀ ਹੈ ਉਸਦਾ ਵਿਡਾਣ, ਵਡਿਆਈ ਤੇ ਵੱਡਾਪਣ। ਜਿਸਦਾ ਗਿਆਨ ਹੋਣ ਨਾਲ ਵਿਸ਼ਵਾਸ਼ ਵਾਲੇ ਮਨੁੱਖ, ਗੁਰਸਿੱਖ ਵਿਸਮਾਦ ਵਿਚ ਆ ਜਾਂਦੇ ਹਨ ਤੇ ਸਹਿਜ ਹੀ ਮੂੰਹ ਵਿਚੋਂ ਗੁਰੂ ਪਿਤਾ ਦੀ ਬਾਣੀ ਨਿਕਲਦੀ ਹੈ।

ਵਿਸਮਾਦੁ ਪਉਣ ਵਿਸਮਾਦੁ ਪਾਣੀ॥ ਵਿਸਮਾਦੁ ਅਗਨੀ ਖੇਡਹਿ ਵਿਡਾਣੀ॥

ਫਰਕ ਸਿਰਫ਼ ਇਤਨਾ ਹੈ ਕਿ ਅਕਾਲ ਰੂਪ ਬਾਬਾ ਜੀ ਨੂੰ ਇਸ ਦਾ ਗਿਆਨ ਅਕਾਲ ਪੁਰਖ ਪਾਸੋਂ ਹੋਇਆ। ਸਾਨੂੰ ਇਸਦਾ ਗਿਆਨ, ਬਾਬਾ ਜੀ ਅਤੇ ਉਹਨਾਂ ਦੀ ਬਾਣੀ ਦੇ ਚਰਨੀਂ ਲੱਗ ਕੇ ਹੁੰਦਾ ਹੈ ਅਤੇ ਗਿਆਨਵਾਨ ਨੂੰ ਬਹੁਤ ਸਾਰਾ ਤੱਰਦਦ ਕਰਨ ਮਗਰੋਂ। — — —



www.AKJ.Org

# ਕੁਰਸੀ

ਕਿਸ਼ਨ ਸਿੰਘ ਜਗਤ ਪੁਰ ਜੱਟ (ਅਸਟ੍ਰੇਲੀਆ)

ਇਸ ਮਾਨਵਤਾ ਨੂੰ ਸਮੇਂ ਸਮੇਂ, ਆਪਾ ਜਿਤਲਾਇਆ ਕੁਰਸੀ ਨੇ।
ਮਿੱਤ ਨਹੀਂ ਕਿਸੇ ਦੀ ਹੁੰਦੀ ਇਹ, ਸਿੱਧ ਕਰ ਦਿਖਲਾਇਆ ਕੁਰਸੀ ਨੇ।
ਹੰਕਾਰਣ ਪੁਤਲੀ ਲਾਲਚ ਦੀ, ਸਾਰੇ ਸੁੱਖ ਭੋਗਣ ਦੀ ਆਦੀ,
ਨੋਚਣ ਲਈ ਮਾਸ ਮੁਹੱਬਤ ਦਾ, ਫੁਟ ਨੂੰ ਉਕਸਾਇਆ ਕੁਰਸੀ ਨੇ।
ਕਿਸੇ ਸਾਕ ਸਬੰਧੀ ਮਿੱਤਰ ਦੀ, ਪਵੇ ਲੋੜ ਬਲੀ ਲੈ ਸਕਦੀ ਇਹ,
ਆਪਣੇ ਮਕਸਦ ਲਈ ਆਪੋ ਵਿੱਚ, ਨਿੱਤ ਖ਼ੂਨ ਲੜਾਇਆ ਕੁਰਸੀ ਨੇ।
ਕੁਰਸੀ ਦੇ ਸਿਰ ਤਾਂ ਹਰ ਵੇਲੇ, ਹਉਮੈ ਦਾ ਭੂਤ ਸਵਾਰ ਰਹੇ,
ਬਸ ਮੈਂ ਨੂੰ ਰੱਖਦੀ ਯਾਦ ਸਦਾ, ਤੂੰ ਨੂੰ ਠੁਕਰਾਇਆ ਕੁਰਸੀ ਨੇ।
ਨੇਕੀ ਨਾਲ ਵਤੀਰਾ ਸੌਕਣ ਦਾ, ਤੇ ਸਾਥ ਬਦੀ ਦਾ ਦਿੰਦੀ ਇਹ,
ਸੱਚ ਇਸਨੂੰ ਚੰਗਾ ਲੱਗਦਾ ਨਹੀਂ, ਨਿੱਤ ਝੂਠ ਹੰਢਾਇਆ ਕੁਰਸੀ ਨੇ।
ਆਦਤ ਇਸ ਨੂੰ ਇੱਕ ਨੰਬਰ ਦੀ, ਦੋ ਨੰਬਰ ਬਣਨਾ ਨਹੀਂ ਚਾਹੁੰਦੀ,
ਪਿੱਛੇ ਪਰਤਣ ਨੂੰ ਹੱਤਕ ਸਮਝੇ, ਜੋ ਕਦਮ ਵਧਾਇਆ ਕੁਰਸੀ ਨੇ।
ਜਿਸ ਪਾ ਲਿਆ ਇਸ ਨੂੰ ਸ਼ੀਂਹ ਬਣ ਗਏ, ਤੇ ਅਸਲੀ ਫ਼ਰਜ਼ ਭੁਲਾ ਬੈਠੇ,
ਜਿੰਨ੍ਹਾਂ ਭੀ ਇਸ ਕੋਲੋਂ ਸਤਿਆ, ਮਜ਼ਲੂਮ ਸਤਾਇਆ ਕੁਰਸੀ ਨੇ।
ਹੱਥ ਆਪਣੇ ਤਾਕਤ ਰੱਖਣ ਲਈ, ਮਹਿੰਦੀ ਥਾਂ ਵਰਤੇ ਖ਼ੂਨ ਸਦਾ,
ਆਪਣੇ ਹੀ ਭੈਣ ਭਰਾਵਾਂ ਨੂੰ, ਭੀ ਕਤਲ ਕਰਾਇਆ ਕੁਰਸੀ ਨੇ।
ਡਾਕੂ ਕਾਤਲ ਜਾਂ ਲੀਡਰ ਬਣਕੇ, ਕਰਨਾ ਜੋ ਚਾਹੇ ਕਰ ਗੁਜ਼ਰੇ,
ਕਿਉਂਕਿ ਨਹੀਂ ਅਮਨ ਪਸੰਦ ਇਸ ਨੂੰ, ਦੰਗਾ ਭੜਕਾਇਆ ਕੁਰਸੀ ਨੇ।
ਜੋ ਹੁਕਮ ਗੁਰੂ ਦਾ ਮੰਨਦੇ ਹੀ, ਵਿਰਸਾ ਅਪਣਾਈ ਬੈਠੇ ਸੀ,
ਅੱਜ ਸਿੱਖ ਧਰਮ ਦੀਆਂ ਰੀਤਾਂ ਨੂੰ, ਬਾਵਾਦ ਬਣਾਇਆ ਕੁਰਸੀ ਨੇ।
ਕਈ ਚਤੁਰ ਸਿਆਣੇ ਵਿਦਵਾਨਾਂ, ਬਣੇ ਨਵੇਂ ਯੁੱਗ ਦੇ ਸਿੱਖਾਂ ਨੇ,
ਸੰਗਤ ਪੰਗਤ ਦੇ ਅਰਥਾਂ ਤੇ, ਰੰਗ ਨਵਾਂ ਚੜ੍ਹਾਇਆ ਕੁਰਸੀ ਨੇ।
ਮਾਇਆ ਰੋੜ੍ਹੀ ਵਿੱਚ ਦਰਿਆਵਾਂ ਦੇ, ਜਿੱਥੇ ਸੋਨਾ ਚੜ੍ਹਿਆ ਗੁੰਬਦਾਂ ਤੇ,
ਸਿੱਖ ਧਰਮ ਦਿਆਂ ਗੁਰਧਾਮਾਂ ਨੂੰ, ਗ਼ਰੀਬ ਬਤਾਇਆ ਕੁਰਸੀ ਨੇ।
ਸ਼ੁਹਰਤ ਲਈ ਸ਼ਰਧਾ ਭੁੱਲ ਗਈ, ਫ਼ੈਸ਼ਨ ਨੂੰ ਰੱਖ ਕੇ ਅੱਜ ਸੌਂਹੇਂ,
ਰੋਟੀ, ਖਾਣੇ ਅਤੇ ਗੁਰੂ ਲੰਗਰ ਦਾ, ਕੀ ਫਰਕ ਭੁਲਾਇਆ ਕੁਰਸੀ ਨੇ।
ਸਿੱਖ ਧਰਮ, ਗੁਰੂ ਅਸਥਾਨਾਂ ਲਈ, ਦੁੱਖ ਸਹੇ ਸਿੱਖਾਂ ਜੋ ਭੁੱਲ ਗਏ,
ਅੱਜ ਅਗਾਂਹ-ਵਧੂ ਇਨਸਾਨਾਂ ਨੂੰ, ਬੜਾ ਸੌਹਲ ਬਣਾਇਆ ਕੁਰਸੀ ਨੇ।
ਗੁਰੂ ਲੰਗਰ ਦੇ ਵਿੱਚ ਸ਼ਰਧਾ ਨਾਲ, ਕੁੱਝ ਚਿਰ ਬਹਿਣਾ ਮੁਸ਼ਕਿਲ ਹੋਇਆ,
ਮਾਮੂਲੀ ਦੁੱਖ ਵਿੱਚ ਕਈਆਂ ਤੋਂ, ਆਪਾਹਜ ਕਹਾਇਆ ਕੁਰਸੀ ਨੇ।
ਜੇ ਕਰ ਸਿੱਖ ਹੋ ਕੁਝ ਸਮਝ ਕਰੋ, ਪੰਥਕ ਮਰਿਯਾਦਾ ਇੱਕ ਰੱਖੋ,
ਅੱਜ ਸਿੱਖ ਵਿਰੋਧੀ ਚਾਲਾਂ ਦਾ, ਹੈ ਜਾਲ ਵਿਛਾਇਆ ਕੁਰਸੀ ਨੇ।
ਦਿਲ ਦਰਦ ਕੌਮ ਦਾ ਜਿਨ੍ਹਾਂ ਦੇ, ਕਈ ਟਾਰ੍ਹਾਂ ਕਿਸ਼ਨ ਜਿਹੇ ਮਾਰ ਰਹੇ,
ਕਈ ਪੜ੍ਹਿਆਂ ਮਾਣ 'ਚ, ਮੱਤਿਆਂ ਦਾ, ਦਿਮਾਗ਼ ਘੁਮਾਇਆ ਕੁਰਸੀ ਨੇ।

# ਤੰਬਾਕੂ ਨੋਸ਼ੀ ਤੇ ਪਾਬੰਦੀ ਜ਼ਰੂਰੀ

ਮੁੱਖ ਮੰਤਰੀ ਪੰਜਾਬ ਦੇ ਨਾਂ ਖੁੱਲੀ ਚਿੱਠੀ

ਵਲੋਂ ਜਥੇਦਾਰ ਉਜਾਗਰ ਸਿੰਘ ਛਾਪਾ

ਸ੍ਰੀ ਮਾਨ ਜੀ

ਬੇਨਤੀ ਹੈ ਕਿ ਸਿੱਖ ਕੌਮ ਨੇ ਖਾਲਸੇ ਦਾ 300 ਸਾਲਾ ਦਿਵਸ ਮਨਾਇਆ। ਇੱਕ ਤੰਬਾਕੂ ਭੈੜੀ ਚੀਜ਼ ਹੈ ਉਸ ਤੇ ਵੀ ਤੁਸੀਂ ਜਨਤਕ ਥਾਵਾਂ ਤੇ ਪਾਬੰਦੀ ਨਹੀਂ ਲਗਾਈ। ਉਸ ਖਾਲਸੇ ਦਿਵਸ ਤੇ ਪਾਬੰਦੀ ਲਗਵਾਉਣੀ ਚਾਹੀਦੀ ਸੀ ਜੋ 2 ਅਕਤੂਬਰ ਗਾਂਧੀ ਜੈਯੰਤੀ ਤੇ ਮਹਾਤਮਾ ਗਾਂਧੀ ਨੂੰ ਸ਼ਰਧਾਂਜਲੀਆਂ ਭੇਂਟ ਕਰਦਿਆਂ ਗੋਆ ਸਰਕਾਰ ਨੇ ਉਸ ਦਿਨ ਤੋਂ ਸਭ ਜਨਤਕ ਥਾਵਾਂ ਤੇ ਤੰਬਾਕੂ ਪੀਣ ਅਤੇ ਥੁੱਕਣ ਉਪਰ ਪਾਬੰਦੀ ਕਰ ਦਿੱਤੀ ਹੈ। ਇਸ ਸੰਬੰਧੀ ਗੋਆ ਵਿਧਾਨ ਸਭਾ ਵਲੋਂ 1997 ਵਿੱਚ ਬਿਲ ਪਾਸ ਕੀਤਾ ਗਿਆ ਸੀ ਜੋ ਕਿ 2 ਸਾਲਾਂ ਤੋਂ ਰਾਸ਼ਟਰਪਤੀ ਦੀ ਪ੍ਰਵਾਨਗੀ ਦੀ ਉਡੀਕ ਵਿੱਚ ਸੀ. ਕੀਨੀਆਂ ਸਰਕਾਰ ਨੇ ਵੀ ਆਪਣੇ ਮੁਲਕ ਵਿੱਚ ਤੰਬਾਕੂ ਤੇ ਪਾਬੰਦੀ ਲਾਈ ਹੋਈ ਹੈ। ਸਾਡੇ ਗੁਰੂ ਦਾ ਘੋੜਾ ਵੀ ਤੰਬਾਕੂ ਵਾਲੇ ਖੇਤ ਵਿੱਚ ਨਹੀਂ ਵੜਿਆ ਸੀ। ਅਸੀਂ 300 ਸਾਲਾ ਖਾਲਸਾ ਦਿਵਸ ਵੀ ਮਨਾ ਲਿਆ ਪਰ ਤੁਸੀਂ ਤੰਬਾਕੂ ਤੇ ਪਾਬੰਦੀ ਨਹੀਂ ਲਗਾਈ ਅਸੀਂ ਪੁਰਜ਼ੋਰ ਸ਼ਬਦਾਂ ਵਿੱਚ ਇਹ ਮੰਗ ਕਰਦੇ ਹਾਂ ਕਿ ਜਨਤਕ ਥਾਵਾਂ ਤੇ ਤੁਰੰਤ ਪਾਬੰਦੀ ਲਗਾਈ ਜਾਵੇ ਅਸੀਂ ਤੁਹਾਡੇ ਧੰਨਵਾਦੀ ਹੋਵਾਂਗੇ ਜੀ।

ਤੰਬਾਕੂ ਦਾ ਸੇਵਨ (ਕਿਸੇ ਵੀ ਸ਼ਕਲ ਵਿੱਚ) ਸਿਹਤ ਲਈ ਅਤਿਅੰਤ ਨੁਕਸਾਨਦਾਇਕ ਹੈ। ਆਰੀਆ ਸਮਾਜੀ ਨੇਤਾ ਸੁਆਮੀ ਦਯਾਨੰਦ ਜੀ ਨੇ ਅਪਣੇ ਸਵਰਗਵਾਸ ਹੋਣ ਤੋਂ ਪਹਿਲਾਂ ਆਪਣੇ ਨਿਕਟਵਰਤੀਆਂ ਨੂੰ ਪੱਕਾ ਕਰ ਦਿੱਤਾ ਸੀ ਕਿ ਉਨ੍ਹਾਂ ਦੀ ਮਿਰਤਕ ਦੇਹ ਨੂੰ ਕੋਈ ਤੰਬਾਕੂ-ਨੋਸ਼ ਹੱਥ ਨਾ ਲਾਵੇ। ਅਜਮੇਰ ਸ਼ਹਿਰ, ਜਿਥੇ ਉਹ ਸਵਰਗਵਾਸ ਹੋਏ ਸਨ, ਵਿਚ ਤੰਬਾਕੂ ਦੀ ਕਦੇ ਵੀ ਵਰਤੋਂ ਨਾ ਕਰਨ ਵਾਲੇ ਭਰੋਸੇ ਯੋਗ ਹਿੰਦੂਆ ਦਾ ਨਾ ਪਤਾ ਹੋਣ ਕਾਰਣ ਮੁਖੀ ਆਰੀਆ ਸਮਾਜੀਆਂ ਨੇ ਸਿੱਖਾਂ ਨੂੰ ਹੀ ਸੁਆਮੀ ਜੀ ਦੀ ਦੇਹ ਦਾ ਇਸ਼ਨਾਨ ਤੇ ਅੰਤਮ ਸੰਸਕਾਰ ਵੇਲੇ ਅਰਥੀ ਚੁੱਕ ਕੇ ਲਿਜਾਣ ਲਈ ਕਿਹਾ ਸੀ।

ਮਹਾਤਮਾ ਗਾਧੀ, ਨੇ ਤੰਬਾਕੂ ਪੀਣ ਨੂੰ ਸਭ ਤੋਂ ਗ਼ਲੀਜ, ਸਿਹਤ-ਮਾਰੂ, ਸਮਾਜ-ਵਿਰੋਧੀ ਤੇ ਭੈੜੀ ਵਾਦੀ ਕਿਹਾ ਹੈ। ਰੂਸ ਵਰਗੇ ਨਾਸਤਕ ਦੇਸ਼ ਵਿੱਚ ਵੀ ਕਈ ਥਾਂਈ ਤੰਬਾਕੂ-ਨੋਸ਼ੀ ਤੇ ਮੁਕੰਮਲ ਪਾਬੰਦੀ ਹੈ। ਮਿਸਰ ਵਿਚ ਸਿਗਰੇਟ ਬੀੜੀ ਨਾ ਪੀਣ ਵਾਲੇ ਸਰਕਾਰੀ ਕਰਮਚਾਰੀਆਂ ਨੂੰ ਦੂਜਿਆਂ ਨਾਲੋਂ ਇਕ ਹਫਤਾ ਵੱਧ ਛੁਟੀਆਂ ਤੇ ਹੋਰ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ। ਅਮਰੀਕਾ ਤੇ ਹੋਰ ਵਿਕਸਤ ਦੇਸ਼ਾਂ ਨੇ ਵੀ ਤੰਬਾਕੂ ਦੇ ਨੁਕਸਾਨਾਂ ਨੂੰ ਮੁੱਖ ਰਖਦੇ ਹੋਏ ਇਸ ਦੀ ਇਸ਼ਤਿਹਾਰਬਾਜ਼ੀ ਬਹੁਤ ਘੱਟ ਕਰ ਦਿੱਤੀ ਹੈ। ਕੀਨੀਆਂ ਦੀ ਸਰਕਾਰ ਨੇ ਤੰਬਾਕੂ -ਨੋਸ਼ੀ ਤੇ ਸਾਰੇ ਮੁਲਕ ਵਿਚ ਪਾਬੰਦੀ ਲਗਾ ਦਿੱਤੀ ਹੈ। ਤੰਬਾਕੂ ਦੇ ਮਾਰੂ-ਅਸਰਾਂ ਤੋਂ ਸੁਚੇਤ ਹੋ ਕੇ ਸੰਯੁਕਤ ਰਾਸ਼ਟਰ ਸੰਘ ਦੀ ਸਿਹਤ ਬਾਰੇ ਅੰਤਰ-ਰਾਸ਼ਟਰੀ ਸੰਸਥਾ (ਵਿਸ਼ਵ ਸਿਹਤ ਸੰਸਥਾ) ਨੇ ਵੀ ਤੰਬਾਕੂ-ਨੋਸ਼ੀ ਵਿਰੁੱਧ ਵਰ੍ਹਾ ਮਨਾਇਆ ਹੈ। ਹਰ ਸਾਲ 31 ਮਈ ਦਾ ਦਿਹਾੜਾ ਵਿਸ਼ਵ ਪੱਧਰ ਤੇ ਤੰਬਾਕੂ ਦੀ ਵਰਤੋਂ ਵਿਰੁੱਧ ਮਨਾਇਆ ਜਾਂਦਾ ਹੈ। ਦੂਸਰੇ ਮੁਲਕ ਤੇ ਵਿਸ਼ਵ ਸਿਹਤ ਸੰਸਥਾ ਤੰਬਾਕੂ ਨੋਸ਼ੀ ਵਿਰੁੱਧ ਜੋ ਪ੍ਰੋਗਰਾਮ ਹੁਣ ਬਣਾ ਰਹੇ ਹਨ ਉਹ ਸਾਡੀ ਧਰਤੀ ਤੇ ਜਨਮੀ ਵਿਚਾਰਧਾਰਾ ਨੇ ਅੱਜ ਤੋਂ ਕਈ ਸੌ ਸਾਲ ਪਹਿਲਾਂ ਹੀ ਦੇ ਦਿੱਤਾ ਸੀ ਤੇ ਸਾਡੀ ਸਭਿਅਤਾ ਦਾ ਇੱਕ ਅੰਗ ਬਣਾ ਦਿੱਤਾ ਸੀ. ਗੁਰੂ ਸਾਹਿਬ ਦਾ ਹੁਕਮ ਹੈ :-

'ਜਗਤ ਜੂਠ ਤੰਬਾਕੂ ਨ ਸੇਵ'

ਉਪਰੋਕਤ ਗੱਲਾਂ ਨੂੰ ਧਿਆਨ ਵਿੱਚ ਰਖਦੇ ਹੋਏ, ਸਮਾਜ ਦੇ ਸ਼ੁਭਚਿੰਤਕ ਤੰਬਾਕੂ-ਨੋਸ਼ੀ ਤੇ ਪਾਬੰਦੀ ਲਾਣ ਦੀ ਮੰਗ ਕਰਦੇ ਆ ਰਹੇ ਹਨ। ਪਰੰਤੂ ਸਾਡੀ ਸਰਕਾਰ ਉਪਰੋਕਤ ਸੱਚਾਈਆਂ ਨੂੰ ਅੱਖੋਂ ਉਹਲੇ ਕਰਕੇ ਅਜਿਹੀ ਪਾਬੰਦੀ ਬਾਰੇ ਨਹੀਂ ਸੋਚ ਰਹੀ। ਸ਼ਾਇਦ ਇਨ੍ਹਾਂ ਦਾ ਖਿਆਲ ਹੈ ਕਿ ਤੰਬਾਕੂ-ਨੋਸ਼ੀ ਸਿਰਫ ਸਿੱਖ ਧਰਮ ਵਿਚ ਹੀ ਵਿਵਰਜਤ ਹੈ ਜਾਂ ਕਿ ਤੰਬਾਕੂ ਦਾ ਸੇਵਨ ਹਿੰਦੂ ਮੱਤ ਵਿਚ ਪ੍ਰਵਾਨਿਤ ਹੈ।

ਮੈਨੂੰ ਇਸ ਗਲ ਦਾ ਹੋਰ ਵੀ ਅਫਸੋਸ ਹੈ ਕਿ ਹਿੰਦੂ ਵੀਰ ਸ਼ਾਸਤਰਾਂ, ਵੇਦਾਂ, ਧਰਮ ਗ੍ਰੰਥਾਂ ਨੂੰ ਪੜ੍ਹੇ ਤੇ ਵਿਚਾਰੇ ਬਗੈਰ ਹੀ ਤੰਬਾਕੂ-ਨੋਸ਼ੀ ਤੇ ਪਾਬੰਦੀ ਲਾਉਣ ਦੀ ਜਾਇਜ਼ ਮੰਗ ਵਿਰੁੱਧ ਉਹ ਖੜ੍ਹੇ ਹੁੰਦੇ ਹਨ। ਇਸ ਤੋਂ ਵੀ ਵੱਧ ਦੁੱਖ ਇਸ ਗਲ ਦਾ ਹੈ ਕਿ ਆਰੀਆ ਸਮਾਜੀ ਵੀਰ ਸੁਆਮੀ ਦਯਾਨੰਦ ਜੀ ਦੀਆਂ ਸਿੱਖਿਆਵਾਂ ਨੂੰ ਛਿੱਕੇ ਤੇ ਟੰਗ ਕੇ ਇਸ ਜਾਇਜ਼ ਮੰਗ ਵਿਰੁੱਧ ਆਪਣੀ ਹਰ ਤਰ੍ਹਾਂ ਦੀ ਤਾਕਤ ਦੀ ਵਰਤੋਂ ਕਰਦੇ ਹਨ।

ਗਲ ਕੀਤੀ ਜਾਂਦੀ ਹੈ ਕਿ "ਤੰਬਾਕੂ-ਨੋਸ਼ੀ ਮਾੜੀ ਹੈ ਇਹ ਤਾਂ ਮੰਨਦੇ ਹਾਂ ਪਰੰਤੂ ਇਸ ਤੇ ਕਾਨੂੰਨਨ ਪਾਬੰਦੀ ਲਗਾਣੀ ਗਲਤ ਹੈ। ਇਸ ਬਾਰੇ ਲੋਕਾਂ ਨੂੰ ਸਿੱਖਿਆ ਦਿੱਤੀ ਜਾਣੀ ਚਾਹੀਦੀ ਹੈ।" ਪਰੰਤੂ ਮੈਂ ਪੁੱਛਦਾ ਹਾਂ ਕਿ ਚੋਰੀ, ਡਾਕੇ, ਕਤਲ, ਬਲਾਤਕਾਰ ਆਦਿਕ ਵੀ ਮਾੜੇ ਹਨ ਤਾਂ ਇਨ੍ਹਾਂ ਬਾਰੇ ਵੀ ਲੋਕਾਂ ਨੂੰ ਸਿੱਖਿਆ ਦੇ ਕੇ ਹੀ ਇਹ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਸੀ, ਵਿਰੁੱਧ ਕਿਉਂ ਕਾਨੂੰਨ ਬਣਾਏ ਗਏ ਹਨ ?

ਹਰ ਮਨੁੱਖ ਪਲੇਗ, ਹੈਜ਼ਾ, ਮਲੇਰੀਆ ਆਦਿਕ ਬੀਮਾਰੀਆਂ ਨੂੰ ਫੈਲਾਣ ਵਾਲੇ ਕੀਟਾਣੂਆਂ ਦੀ ਰੋਕਥਾਮ ਕਰਨ ਦੀ ਕੋਸ਼ਿਸ਼ ਕਰਦਾ ਹੈ। ਪਰੰਤੂ ਇਨ੍ਹਾਂ ਬੀਮਾਰੀਆਂ ਤੋਂ ਵੀ ਵੱਧ ਮਾਰੂ ਅਸਰ ਰੱਖਣ ਵਾਲੀ ਤੰਬਾਕੂ-ਨੋਸ਼ੀ ਦੀ ਬੀਮਾਰੀ ਨੂੰ ਕਿਵੇਂ ਖ਼ਤਮ ਕੀਤਾ ਜਾਵੇ ਇਸਨੂੰ ਫੈਲਾਣ ਵਾਲਾ ਕੋਈ ਹੋਰ ਨਹੀਂ ਬਲਕਿ ਜੀਵਾਂ ਵਿਚ ਸਭ ਤੋਂ ਵੱਧ ਸਭਯ ਕੀਟਾਣੂ ਮਨੁੱਖ ਖੁਦ ਆਪ ਹੈ ? ਤੰਬਾਕੂ-ਨੋਸ਼ੀ ਦੇ ਮਾਰੂ ਅਸਰ ਹੇਠਾਂ ਦਿੱਤੀਆਂ ਕੁਝ ਸੱਚਾਈਆਂ ਤੋਂ ਸਪੱਸ਼ਟ ਹਨ :-

ੳ. ਵਿਸ਼ਵ ਸਿਹਤ ਸੰਸਥਾ ਦੇ ਇਕ ਸਰਵੇਖਣ ਅਨੁਸਾਰ ਹਰ ਸਾਲ 30 ਲੱਖ ਤੋਂ ਵੀ ਵੱਧ (ਲਗਭਗ 10,000 ਰੋਜ਼ ਪੂਰੇ ਵਿਸ਼ਵ ਵਿਚ ਅਥੇ ੨੨00 ਰੋਜ਼ ਇੱਕਲੇ ਭਾਰਤ ਵਿਚ) ਮੌਤਾਂ ਤੰਬਾਕੂ-ਨੋਸ਼ੀ ਕਾਰਨ ਹੁੰਦੀਆਂ ਹਨ। ਹਰ ਦੱਸ ਸਕਿੰਟ ਵਿੱਚ ਸੰਸਾਰ ਵਿਚ ਕਿਤੇ ਨਾ ਕਿਤੇ ਕੋਈ ਵਿਅਕਤੀ ਤੰਬਾਕੂ-ਨੋਸ਼ੀ ਕਾਰਨ ਮੌਤ ਦੇ ਮੂੰਹ ਵਿੱਚ ਜਾਂਦਾ ਹੈ।

ਅ ਇਕ ਰਿਪੋਰਟ ਅਨੁਸਾਰ ਅਮਰੀਕਾ ਵਿੱਚ ਸਿਗਰਟ ਪੀਣ ਕਾਰਨ ਹੋਣ ਵਾਲੇ ਰੋਗਾਂ ਤੋਂ ਹੁੰਦੀਆਂ ਮੌਤਾਂ ਦੀ ਗਿਣਤੀ ਦਾ ਜੋੜ ਅਮਰੀਕਾ ਵਿਚ ਹੋਣ ਵਾਲੇ ਕਤਲਾਂ, ਆਤਮ-ਹਤਿਆਵਾਂ, ਸੜਕ ਦੁਰਘਟਨਾਵਾਂ ਅਤੇ ਏਡਜ਼ ਕਾਰਨ ਹੋਣ ਵਾਲੀਆਂ ਮੌਤਾਂ ਦੇ ਕੁੱਲ ਜੋੜ ਨਾਲੋਂ ਜ਼ਿਆਦਾ ਹੈ।

ੲ ਜੇਕਰ ਇਹੀ ਹਾਲਤ ਜਾਰੀ ਰਹੀ ਤਾਂ ਆਉਣ ਵਾਲੀ ਸਦੀ ਦੀ ਪਹਿਲੀ ਤਿਮਾਹੀ ਵਿੱਚ (ਸੰਨ ੨੦੨੫ ਤੱਕ) ਤੰਬਾਕੂ-ਨੋਸ਼ੀ ਕਾਰਨ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਲਗਭਗ ਇਕ ਕਰੋੜ ਹੋ ਜਾਵੇਗੀ ਜੋ ਕਿ ਰੋਜ਼ਾਨਾ 30000 ਲਗਭਗ ਹੋਵੇਗੀ ਜਿਸਦਾ ਅਰਥ ਹੈ ਕਿ ਹਰ ਤਿੰਨ ਸੰਕਿਟਾਂ ਵਿਚ ਵਿਸ਼ਵ ਵਿਚ ਕੋਈ ਨਾ ਕੋਈ ਵਿਅਕਤੀ ਤੰਬਾਕੂ-ਨੋਸ਼ੀ ਕਾਰਨ ਹੋ ਰਹੇ ਰੋਗ ਤੋਂ ਮਰ ਰਿਹਾ ਹੋਵੇਗਾ। ਇਹਨਾਂ ਵਿਚੋਂ 70% ਕੇਸ ਵਿਕਾਸਸ਼ੀਲ ਦੇਸ਼ਾਂ (ਜਿਸ ਵਿਚ ਭਾਰਤ ਸ਼ਾਮਿਲ ਹੈ) ਵਿਚ ਹੋਣਗੇ।

ਸ ਭਾਰਤ ਵਿਚ ਹਰ ਸਾਲ ਲਗਭਗ ਸਾਢੇ ਛੇ ਲੱਖ ਲੋਕਾਂ ਨੂੰ ਕੈਂਸਰ ਹੁੰਦਾ ਹੈ ਜਿਹਨਾਂ ਵਿਚੋਂ 1/3 ਕੇਸਾਂ ਵਿਚ ਕੈਂਸਰ ਦਾ ਕਾਰਨ ਤੰਬਾਕੂ ਦਾ ਸੇਵਨ ਹੁੰਦਾ ਹੈ। ਭਾਰਤ ਵਿਚ ਹਰ ਸਾਲ ਲਗਭਗ 50 ਕਰੋੜ ਕਿਲੋਗ੍ਰਾਮ ਤੰਬਾਕੂ ਦੀ ਪੈਦਾਵਾਰ ਹੁੰਦੀ ਹੈ ਜਿਸਦਾ 80% ਦੇਸ਼ ਵਿਚ ਹੀ ਖਪ ਜਾਂਦਾ ਹੈ। ਭਾਰਤ ਵਿਚ ਲਗਭਗ 50 ਲੱਖ ਲੋਕ ਤੰਬਾਕੂ-ਨੋਸ਼ੀ ਕਾਰਨ ਹੋਏ ਰੋਗਾਂ ਤੋਂ ਪ੍ਰਭਾਵਿਤ ਹਨ ਜਿਹਨਾਂ ਦੇ ਇਲਾਜ ਲਈ ਢਾਈ ਕਰੋੜ ਰੁਪਏ ਖਰਚ ਹੁੰਦੇ ਹਨ।

ਹ ਇਕ ਸਿਗਰਟ 4-5 ਮਿੰਟ ਜਲਦੀ ਹੈ ਅਤੇ ਉਤਨੇ ਹੀ ਮਿੰਟ ਪੀਣ ਵਾਲੇ ਵਿਅਕਤੀ ਦੀ ਜ਼ਿੰਦਗੀ ਘਟਾਉਂਦੀ ਹੈ ਇਕ ਪੈਕਟ ਰੋਜ਼ ਸਿਗਰਟ ਪੀਣ ਵਾਲੇ ਵਿਅਕਤੀ ਦੀ ਉਮਰ ਲਗਭਗ 5-6 ਸਾਲ ਘੱਟ ਜਾਂਦੀ ਹੈ।

ਕ ਸਿਗਰਟ ਪੀਣ ਵਾਲਾ ਆਮ ਹਿੰਦੁਸਤਾਨੀ ਲਗਭਗ 6000/- ਰੁਪਏ ਸਲਾਨਾ ਅਤੇ ਬੀੜੀ ਪੀਣ ਵਾਲਾ ਲਗਭਗ ੨੫00/- ਰੁਪਏ ਸਲਾਨਾ ਧੂੰਏ ਵਿਚ ਉਡਾ ਦਿੰਦਾ ਹੈ।

ਖ ਸਿਗਰਟ/ਬੀੜੀ ਪੀਣ ਵਾਲੇ ਵਿਅਕਤੀ ਆਪਣੇ ਘਰ ਅਤੇ ਆਲੇ-ਦੁਆਲੇ ਨੂੰ ਦੂਸ਼ਿਤ ਕਰਦੇ ਹਨ ਅਤੇ


www.AKJ.Org

ਹੁਣ ਇਹ ਸਾਬਤ ਹੋ ਚੁੱਕਾ ਹੈ ਕਿ ਅਜਿਹੇ ਵਾਤਾਵਰਨ ਵਿੱਚ ਰਹਿ ਰਹੇ ਲੋਕ / ਪਰਿਵਾਰ ਦੇ ਮੈਂਬਰ 'ਪੈਸਿਵ ਸਮੋਕਿੰਗ ਰਾਹੀਂ' ਜ਼ਿਆਦਾ ਨੁਕਸਾਨ ਉਠਾਉਂਦੇ ਹਨ।

ਗ ਸਿਗਰਟ-ਨੋਸ਼ੀ ਦਾ ਗਰਭਵਤੀ ਮਹਿਲਾ ਅਤੇ ਹੋਣ ਵਾਲੇ ਬੱਚੇ ਤੇ ਵੀ ਬਹੁਤ ਮਾੜਾ ਅਸਰ ਪੈਂਦਾ ਹੈ।

ਮੇਰਾ ਇਹ ਪੱਕਾ ਵਿਸ਼ਵਾਸ਼ ਹੈ ਕਿ ਕੋਈ ਵੀ ਸਮਝਦਾਰ ਵਿਅਕਤੀ ਜਿਸਨੂੰ ਆਪਣੇ ਧਰਮ ਬਾਰੇ ਸਹੀ ਜਾਣਕਾਰੀ ਹੈ ਜਾਂ ਜੋ ਉਪਰੋਕਤ ਸੱਚਾਈਆਂ ਨੂੰ ਗਹੁ ਨਾਲ ਵਾਚਦਾ ਹੈ, ਉਹ ਤੰਬਾਕੂ-ਨੋਸ਼ੀ ਦੀ ਹਮਾਇਤ ਨਹੀਂ ਕਰ ਸਕਦਾ ਬਲਕਿ ਪੂਰੇ ਜ਼ੋਰ ਨਾਲ ਇਸਦੀ ਵਿਰੋਧਤਾ ਕਰਦਾ ਹੈ। ਮੇਰੇ ਖਿਆਲ ਅਨੁਸਾਰ ਜਨ-ਸਾਧਾਰਣ ਦੀ ਸਿਹਤਯਾਬੀ ਨੂੰ ਧਿਆਨ ਵਿਚ ਰਖਦੇ ਹੋਏ ਇਹ ਜ਼ਰੂਰੀ ਹੈ ਕਿ ਤੰਬਾਕੂ ਦੇ ਸੇਵਣ ਅਤੇ ਵਿਕਰੀ ਆਦਿਕ ਤੇ ਪਾਬੰਦੀ ਤੁਰੰਤ ਲਗਾਈ ਜਾਵੇ। ਕਿਤਨਾ ਹੀ ਚੰਗਾ ਹੋਵੇ ਕਿ ਖਾਲਸਾ ਪੰਥ ਦੇ ਸਾਜਣਾ ਦਿਵਸ ਦਾ 300 ਵਾਂ ਵਰ੍ਹਾ ਮਨਾਉਂਦੇ ਹੋਏ ਇਹ ਸ਼ੁੱਭ ਕੰਮ ਪਵਿੱਤਰ ਸ਼ਹਿਰ ਅੰਮ੍ਰਿਤਸਰ ਅਤੇ ਆਨੰਦਪੁਰ ਸਾਹਿਬ ਤੋਂ ਹੀ ਸ਼ੁਰੂ ਹੋਵੇ ਜਿਹਨਾਂ ਦਾ ਚੱਪਾ-ਚੱਪਾ ਮਨੁੱਖਤਾ ਦਾ ਸੰਦੇਸ਼ ਦੇਣ ਵਾਲੇ ਗੁਰੂਆਂ ਦੀ ਛੋਹ ਨਾਲ ਸਰਸ਼ਾਰ ਹੈ। ਇਹ ਸ਼ਹਿਰ ਇਕ ਅਜਿਹੀ ਵਿਚਾਰਧਾਰਾ ਦੇ ਕੇਂਦਰ ਹਨ ਜਿਹੜੀ 'ਸਰਬੱਤ ਦਾ ਭਲਾ' ਲੋਚਦੀ ਹੈ ਤੇ ਸਮੁੱਚੀ ਮਨੁੱਖਤਾ ਨੂੰ ਤਬਾਹੀ ਤੋਂ ਬਚਾਅ ਕੇ ਸੁੱਖ ਸ਼ਾਂਤੀ ਤੇ ਸਰਬ-ਸੁੱਖ ਅਮਲੀ ਤੌਰ ਤੇ ਸਥਾਪਤ ਕਰਨ ਦੇ ਸਮਰੱਥ ਹੈ।

ਅਸੀਂ ਸਰਕਾਰ ਨੂੰ ਬੇਨਤੀ ਕਰਦੇ ਹਾਂ ਕਿ ਉਹ ਤੰਬਾਕੂ-ਨੋਸ਼ੀ ਅਤੇ ਹੋਰ ਨਸ਼ਿਆਂ ਦੇ ਸੇਵਨ ਵਿਰੁੱਧ ਜ਼ੋਰਦਾਰ ਆਵਾਜ਼ ਉਠਾਉਂਦੇ ਹੋਏ ਇਸ ਮੰਗ ਨੂੰ ਮਨਵਾ ਕੇ ਅਤੇ ਲਾਗੂ ਕਰਵਾ ਕੇ ਸਮੁੱਚੇ ਸਮਾਜ ਨੂੰ ਤੰਬਾਕੂ-ਨੋਸ਼ੀ ਦੀ ਲਾਹਨਤ ਤੋਂ ਬਚਾਅ ਲੈਣ ਨਹੀਂ ਤਾਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਕਦੇ ਮੁਆਫ ਨਹੀਂ ਕਰਨਗੀਆਂ।

----

# ਨਿਹ ਕਲੰਕ ਅਵਤਾਰ ਗੁਰੂ

ਭਾਈ ਗੁਰਭੇਜ ਸਿੰਘ ਬਾਦਸ਼ਾਹਪੁਰੀ

ਗੁਰਬਾਣੀ ਦਸਾਂ ਗੁਰੂਆਂ ਦੀ ਆਤਮਾ ਏ, ਸਬਦ ਗੁਰੂ ਨਿਹ ਕਲੰਕ ਅਵਤਾਰ ਬਾਣੀ।
ਭੁਲਿਆਂ ਭਟਕਿਆਂ ਨੂੰ ਰਾਹ ਦਿਖਾਉਣ ਵਾਲੀ, ਚਵਰ ਤਖਤ ਦੇ ਮਾਲਕ ਦੀਤਾਰ ਬਾਣੀ।
ਵਹਿਮਾਂ ਭਰਮਾਂ ਤੋਂ ਵਰਜਦੀ ਰਹੇ ਸਭ ਨੂੰ, ਪਾਪੀਆਂ ਤਾਂਈ ਬਖਸਣ ਹਾਰ ਨਿਰੰਕਾਰ ਬਾਣੀ।
ਜੁਗੋ ਜੁਗ ਅਟੱਲ ਜਾਗਤ ਜੋਤ ਸਰੂਪ ਇਹ, ਉਚੀ ਤੇ ਸੁੱਚੀ ਸਦਾ ਰਹੇ ਨਮਸਕਾਰ ਬਾਣੀ ॥੧॥
ਧੁਰੋਂ ਆਈ ਬਾਣੀ ਕਲਿਆਣ ਕਰਨ ਵਾਲੀ, ਸਬਦ ਗੁਰੂ ਪ੍ਰਗਟਿਆ ਨਿਹ ਕਲੰਕ ਅਵਤਾਰ ਦਾਤਾ।
ਕਲਯੁਗ ਵਿੱਚ ਜਹਾਜ ਗੁਰਬਾਣੀ ਦੇ ਬੋਹਿਥਾ, ਸਤਿਗੁਰੂ ਸਿਰਜਣ ਹਾਰ ਨਿਰੰਕਾਰ ਦਾਤਾ,
ਗਿਆਨ ਦਾ ਸਾਗਰ ਸਬਦ ਸਰੂਪ ਬਾਣੀ, ਹਾਜਰਾ ਹਜੂਰ ਨਾਮ ਭਰਪੂਰ ਦੀਤਾਰ ਦਾਤਾ।
ਸਾਂਝੀ ਵਾਲਤਾ ਦਾ ਉਪਦੇਸ਼ ਦੇਣ ਵਾਲੇ, ਦੀਨ ਦੁਨੀ ਦੇ ਮਾਲਕ ਨਿਰੰਕਾਰ ਦਾਤਾ ॥੨॥
ਜਾਗਤ ਗੁਰੂ ਚਮਕੇ ਇਹ ਜੋਤ ਅਲਾਹੀ, ਭਵ ਸਾਗਰੋਂ ਪਾਰ ਲੰਘਾਵਣ ਹਾਰ ਜਹਾਜ ਬਾਣੀ।
ਤਪਦੇ ਮਨਾਂ ਤਾਂਈ ਰਹੇ ਠਾਰਦੀ ਏ, ਸਤਿਗੁਰਾਂ ਦਾ ਸੋਭਦੀ ਏ ਤਾਜ ਬਾਣੀ।
ਦੀਨ ਦੁਖੀਆਂ ਨੂੰ ਗਲੇ ਲਾਂਵਦੀ ਏ, ਸ਼ਰਨ ਆਇਆਂ ਦੀ ਰੱਖਦੀ ਲਾਜ ਬਾਣੀ।
ਪੰਜਾਂ ਚੋਰਾਂ ਨੂੰ ਮਾਰ ਤਬਾਹ ਕਰਦੀ, ਕੂੜੇ ਮਨਾਂ ਤਾਂਈ ਰਹੀ ਮਾਂਜ ਬਾਣੀ ॥੩॥
ਜੀਵ ਆਤਮਾ ਦਾ ਉਦਾਰ ਕਰਨ ਵਾਲੇ, ਕਲਯੁਗ ਦੇ ਬੋਹਿਥਾ ਬ੍ਰਹਮ ਗਿਆਨ ਸਤਿਗੁਰ।
ਸੰਗਤਾਂ ਜੱਸ ਗਾਵਦੀਆਂ ਬੈਠ ਪੰਡਾਲ ਅੰਦਰ, ਦਰਸਨ ਦੇਂਵਦੇ ਜਦੋ ਆਣ ਦੀਵਾਨ ਸਤਿਗੁਰ।
ਕੀਰਤਨ ਸੁਣ 'ਬਾਦਸ਼ਾਹ ਪੁਰੀ' ਨਿਹਾਲ ਹੋਵੇ, ਚਰਨਾਂ ਵਿੱਚ ਜੁੜਦਾ ਜਦੋਂ ਧਿਆਨ ਸਤਿਗੁਰ।
ਮੇਰੇ ਜਿਹੇ ਪਾਪੀ ਵੀ ਤਰ ਜਾਂਦੇ, ਜਦੋਂ ਗੁਰਬਾਣੀ ਦੇ ਹੋਂਵਦੇ ਫੁਰਮਾਨ ਸਤਿਗੁਰ ॥੪॥



www.AKJ.Org

# ਸਿੱਖ ਗੁਰਦੁਆਰਾ ਐਕਟ, 1925 ਵਿਚ ਸੋਧਾਂ-ਨੋਟਿਫਿਕੇਸ਼ਨ ਰਾਹੀਂ।

ਗੁਰਚਰਨਜੀਤ ਸਿੰਘ ਲਾਂਬਾਂ, ਐਡਵੋਕੇਟ,੨4, ਸ਼ਹੀਦ ਊਧਮ ਸਿੰਘ ਨਗਰ ਜਲੰਧਰ

**ਸ਼ਰਾਬੀ ਦੇ ਵੋਟਰ ਬਣਨ ਦੀ ਛੋਟ**

ਐਕਟ ਦੀ ਧਾਰਾ 49 ਵਿਚ ਵੋਟਰ ਦੀ ਉਮਰ ੨1 ਸਾਲ ਨਿਯਤ ਸੀ ਅਤੇ 49(ਸੀ) ਵਿਚ ਸ਼ਰਾਬ ਬਾਰੇ ਪਾਬੰਦੀ ਸੀ। ਜੱਜ ਸਾਹਿਬ ਨੇ ਖਰੜੇ ਦੇ ਨਾਲ ਭੇਜੇ ਨੋਟ ਵਿਚ ਕੇਵਲ ਉਮਰ ੨1 ਤੋਂ 18 ਕਰਨ ਦੀ ਗੱਲ ਕੀਤੀ ਹੈ। ਪਰ ਨਾਲ ਹੀ ਮਲਕੜੇ ਜਿਹੇ ਧਾਰਾ 49(ਸੀ) ਨੂੰ ਉਡਾ ਦਿੱਤਾ ਹੈ। ਆਪਣੇ ਨੋਟ ਵਿਚ ਆਪ ਨੇ ਲਿਖਿਆ ਹੈ ਕਿ 'ਉਮਰ ਨੂੰ ੨1 ਸਾਲ ਤੋਂ 18 ਸਾਲ ਕਰਨ ਲਈ ਇਸ ਧਾਰਾ ਵਿਚ ਯੋਗ ਤਰਮੀਮ ਕੀਤੀ ਗਈ ਹੈ।' ਇਸ ਤਰਾਂ ਭੁਲੇਖਾ ਪਾਊ ਤਰੀਕੇ ਨਾਲ ਵੋਟਰ ਲਈ ਸ਼ਰਾਬ ਦੀ ਖੁੱਲ ਦੇ ਦਿੱਤੀ ਗਈ ਹੈ। ਇਹ ਸਿੱਖ ਸਿਧਾਂਤਾਂ ਦੇ ਦੂਸਰਾ ਮੁੱਢਲਾ ਹਮਲਾ ਹੈ। ਆਪ ਜੋ ਕਰ ਰਹੇ ਹੋ ਖੁਲ ਕੇ ਕਿਉ ਨਹੀਂ ਦੱਸਦੇ।

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਰਾਬ ਦਾ ਸੇਵਨ ਸਪਸ਼ਟ ਤੋਰ ਤੇ ਅਤੇ ਬਾਰ ਬਾਰ ਵਿਵਰਜਤ ਅਤੇ ਨਿਖੇਦਤ ਹੈ। ਗੁਰੂ ਸਾਹਿਬ ਨੇ ਸ਼ਰਾਬ ਨੂੰ ਹੋਛਾ ਮਦ ਅਤੇ ਇਸ ਤੇ ਸੇਵਨ ਕਰਨ ਵਾਲੇ ਨੂੰ ਮਨਮੁਖ, ਮੂੜ੍ਹ ਕਿਹਾ ਹੈ ਅਤੇ ਸਪਸ਼ਟ ਹੁਕਮ ਕੀਤਾ ਹੈ ਕਿ ਇਸ ਦੇ ਪੀਣ ਨਾਲ ਵਾਹਿਗੁਰੂ ਵਿਸਰ ਜਾਂਦਾ ਹੈ ਅਤੇ ਸਤਿਗੁਰੂ ਦੇ ਦਰਬਾਰ ਵਿਚ ਢੋਈ ਨਹੀਂ ਮਿਲ ਸਕਦੀ। ਹਜ਼ੂਰ ਦੇ ਹੁਕਮਨਾਮੇ ਹਨ,

ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ:554)

ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ॥
ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ:३੭੭)

ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮਕਾਲੁ॥
ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ:553)

ਸਚੁ ਸਚਾ ਜਿਨੀ ਨ ਸੇਵਿਆ ਸੇ ਮਨਮੁਖ ਮੂੜ ਬੇਤਾਲੇ॥
ਓਹ ਆਲੁ ਪਤਾਲੁ ਮੁਹਹੁ ਬੋਲਦੇ ਜਿਉ ਪੀਤੈ ਮਦਿ ਮਤਵਾਲੇ॥੧੯॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ:311)

ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ॥
ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ॥੨॥

(ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ:360)

ਇਸ ਪਰਥਾਏ ਕਲਗੀਧਰ ਪਿਤਾ ਵੀ ਫਰਮਾਂਦੇ ਹਨ ਕਿ ਜਿਹੜੇ ਲੋਗ ਮਨੁੱਖਾ ਜਨਮ ਧਾਰ ਕੇ ਵੀ ਸ਼ਰਾਬ ਪਾਨ ਕਰਦੇ ਹਨ ਉਹ ਪਸ਼ੂ ਜੂਨ ਵਿਚ ਪੈਂਦੇ ਹਨ।

ਲੋਗ ਉਠਾਇ ਪਾਨ ਮਦ ਕਰਯੋ। ਮਾਨੁਖ ਹੁਤੋ ਜੋਨਿ ਪਸ਼ੂ ਪਰਯੋ॥ (ਦਸਮ ਗ੍ਰੰਥ ਸਾਹਿਬ)

ਗੁਰਸਿੱਖ ਲਈ ਅਮਲ ਪ੍ਰਸ਼ਾਦੇ ਕਾ ਦਾ ਵਿਧਾਨ ਹੈ। ਪਰ ਚੀਫ ਜਸਟਿਸ ਹਰਬੰਸ ਸਿੰਘ ਜੀ ਨੇ ਇਸਟੀਚਯੂਟ ਆਫ ਸਿੱਖ ਸਟੱਡੀਜ਼, ਮੋਹਾਲੀ ਵਿਚ ਗੁਰਦੁਆਰਾ ਐਕਟ ਬਾਰੇ ਹੋਏ ਸੈਮੀਨਾਰ ਵਿਚ ਦਿੱਤੇ ਕੁੰਜੀਵਤ ਭਾਸ਼ਣ ਅਤੇ ਹੋਰ ਕਈ ਥਾਵਾਂ ਤੇ ਆਪਣੀਆਂ ਲਿਖਤਾਂ ਵਿਚ ਵੀ ਸ਼ਰਾਬ ਦੀ ਸ਼ਰਤ ਖਤਮ ਕਰਨ ਬਾਰੇ ਖੁਲੇ ਆਮ


www.AKJ.Org

ਵਕਾਲਤ ਕੀਤੀ ਹੈ। ਆਪ ਦਾ ਕਹਿਣਾ ਹੈ ਕਿ ਇਹ ਬਹੁਤ ਜ਼ਿਆਦਾ ਪ੍ਰਚਲਤ ਹੋ ਗਈ ਹੈ ਅਤੇ ਇਸ ਇੱਲਤ ਨੂੰ ਰੋਕਿਆ ਨਹੀਂ ਜਾ ਸਕਦਾ ਸੋ ਇਸ ਦੀ ਖੁਲ ਦੇ ਦਿੱਤੀ ਜਾਏ। ਬੜੇ ਹੋਰ ਦੁਰਾਚਾਰ ਹਨ ਜੋ ਹੱਦ ਤੋਂ ਵੱਧ ਬਾਹਰ ਜਾ ਰਹੇ ਹਨ ਤਾਂ ਫਿਰ ਕਿੱਥੇ ਕਿੱਥੇ ਤਕ ਛੋਟਾਂ ਦਈ ਜਾਉਗੇ।

ਮਰਊਬ ਹੋ ਗਏ ਹੈਂ ਵਿਲਾਇਤ ਸੇ ਸ਼ੈਖ ਜੀ,
ਅਬ ਸਿਰਫ ਮਨਾ ਕਰਤੇ ਹੈਂ ਦੇਸੀ ਸ਼ਰਾਬ ਕੋ।

ਭਾਈ ਨੰਦ ਲਾਲ ਜੀ ਕਲਗੀਧਰ ਪਿਤਾ ਵਲੋਂ ਪ੍ਰਵਾਨਤ ਅਤੇ ਸਤਿਕਾਰਤ ਰਚਨਾ ਜ਼ਿੰਦਗੀਨਾਮਾ ਵਿਚ ਦਸੱਦੇ ਹਨ ਕਿ ਉਹ ਹਜੂਮ ਸੰਗਤ ਹੈ, ਮੁਬਾਰਕ ਹੈ ਜਿਸ ਵਿਚ ਬੰਦਗੀ ਦੀਆਂ, ਜ਼ਿੰਦਗੀ ਦੀਆਂ ਅਤੇ ਮੂਲ ਨਾਲ, ਵਾਹਿਗੁਰੂ ਨਾਲ ਜੁੜਨ ਦੀਆਂ ਬਾਤਾਂ ਹੋਣ।

ਆਂ ਹਜੂਮੇ ਖੁਸ਼ ਕਿ ਬਹਿਰੇ ਜਿੰਦਗੀਸਤ
ਆਂ ਹਜੂਮੇ ਖੁਸ਼ ਕਿ ਬਹਿਰੇ ਬੰਦਗੀਸਤ।੨੩
ਆਂ ਹਜੂਮੇ ਖੁਸ਼ ਕਿ ਬਹਿਰੇ ਯਾਦ ਉਸਤਤ
ਆਂ ਹਜੂਮੇ ਖੁਸ਼ ਕਿ ਹਕ ਬੁਨਿਯਾਂਦ ਓਸਤ।੨੪

ਪਰ ਨਾਲ ਹੀ ਆਪ ਜੀ ਫਰਮਾਂਦੇ ਹਨ ਕਿ ਉਹ ਸੰਗਤ ਨਹੀਂ ਬਲਕਿ ਬਦ, ਭੈੜਾ ਹੈ ਜਿਸ ਵਿਚ ਸ਼ੈਤਾਨੀਅਤ ਦੀਆਂ ਗੱਲਾਂ ਹੋਣ ਅਤੇ ਆਖਰ ਵਿਚ ਇਹ ਪਛਤਾਵੇ ਦਾ ਕਾਰਣ ਬਣੇ।

ਆਂ ਹਜੂਮੇ ਬਦ ਕਿ ਸ਼ੈਤਾਨੀ ਬਵਦ
ਆਕਬਤ ਅਜ਼ ਵੈ ਪਿਸ਼ੇਮਾਨੀ ਬਵਦ।੨੫

ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਦਾਨ ਅਤੇ ਹੱਕ ਖਾਲਸਾ ਜੀ ਦਾ ਹੈ। ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਸ਼੍ਰੋਮਣੀ ਕਮੇਟੀ ਸੰਗਤ ਦੀ ਨੁਮਾਇਦਾ ਜਮਾਤ ਹੈ ਤਾਂ ਫਿਰ ਕੀ ਇਹੋ ਜਹੀਆਂ ਛੋਟਾਂ ਪ੍ਰਾਪਤ ਭੀੜ ਨੂੰ ਸੰਗਤ ਦਾ ਨਾਮ ਦਿੱਤਾ ਜਾ ਸਕਦਾ ਹੈ ਜੋ ਸ਼ੈਤਾਨੀਅਤ ਵੱਲ ਲਿਜਾ ਰਹੀ ਹੋਵੇ ? ਇਸ ਬਾਰੇ ਅਕਬਰ ਅਲ੍ਹਾਬਾਦੀ ਨੇ ਕਿਹਾ ਹੈ,

ਚੰਦਾ ਦੇਤੇ ਹੈ ਮਸਜਿਦ ਮੇਂ, ਸ਼ਰਾਬ ਪੀਤੈ ਹੈਂ ਮੈਖਾਨੇ ਮੇਂ
ਖੁਦਾ ਭੀ ਰਾਜ਼ੀ ਰਹੇ, ਸ਼ੈਤਾਨ ਭੀ ਨਾਰਾਜ਼ ਨਾ ਹੋ।

ਧਰਮ ਦਾ ਤਾ ਮੁੱਢਲਾ ਫਰਜ਼ ਹੀ ਬੰਦੇ ਨੂੰ ਬੰਦਸ਼ ਵਿਚ ਰੱਖਣਾ ਹੈ। ਜੇ ਕਾਨੂੰਨ ਦੇ ਰਾਖੇ ਆਪ ਕਾਨੂੰਨ ਲਾਗੂ ਨਹੀਂ ਕਰਵਾ ਸਕਦੇ ਤਾਂ ਕੀ ਉਸਦਾ ਇਹ ਹਲ ਹੈ ਕਿ ਕਾਨੂੰਨਨ ਛੋਟ ਦੇ ਦਿੱਤੀ ਜਾਏ? ਕੀ ਇਹ ਸਿੱਖ ਪੰਥ ਦੀ ਨਿੰਦਣਯੋਗ ਤੌਹੀਨ ਨਹੀਂ ? ਕੀ ਇਹ ਗੁਰੂ ਨਾਨਕ ਪਾਤਸ਼ਾਹ ਦੇ ਨਿਰਮਲ ਪੰਥ ਦਾ ਅਕਸ ਵਿਗਾੜਨ ਦਾ ਕਾਰਣ ਨਹੀਂ ਬਣੇਗਾ?

ਗੁਰਦੁਆਰਾ ਸੁਧਾਰ ਲਹਿਰ ਦੀ ਸ਼ੁਰੂਆਤ ਹੀ ਸਿਆਲਕੋਟ ਦੇ ਗੁਰਦੁਆਰਾ ਬਾਬੇ ਕੀ ਬੇਰ ਦੇ ਮਹੰਤ ਗੰਡਾ ਸਿੰਘ ਅਤੇ ਉਸਦੇ ਪੁੱਤਰ ਜਾਨ ਹੈਡੇ ਦੇ ਸ਼ਰਾਬੀ ਹੋਣ ਕਰ ਕੇ ਹੋਈ ਸੀ। ਕਈ ਸਾਲਾਂ ਦੀ ਕਾਨੂੰਨੀ ਲੜਾਈ ਦੇ ਬਾਅਦ ਜੱਜ ਨੇ ਫੈਸਲਾ ਦਿੱਤਾ ਸੀ ਕਿ ਮਹੰਤ ਇੰਨੀ ਜ਼ਿਆਦਾ ਸ਼ਰਾਬ ਪੀਣ ਲੱਗ ਪਿਆ ਹੈ ਕਿ ਇਸਦੇ ਚਿਹਰੇ ਤੋਂ ਵੀ ਸ਼ਰਾਬ ਪੀਣ ਦੇ ਨਿਸ਼ਾਨ ਨਜ਼ਰ ਆਣੇ ਸ਼ੁਰੂ ਹੋ ਗਏ ਹਨ, ਸੋ ਹੁਣ ਇਹ ਸ਼ਰਾਬ ਘੱਟ ਪੀਆ ਕਰੇ।

੭ ਸਤੰਬਰ, ੧੯੧੫ ਨੂੰ ਅੰਮ੍ਰਿਤਸਰ ਦੇ ਫਿਰੰਗੀ ਡਿਪਟੀ ਕਮਿਸ਼ਨਰ ਕੇ. ਸੀ. ਐਮ. ਕਿੰਗ ਨੇ ਆਰਡਰ ਜਾਰੀ ਕਰ ਕੇ ਸ਼ਰਾਬ ਦੀਆ ਦੁਕਾਨਾਂ ਨੂੰ ਗੁਰੂ ਰਾਮ ਦਾਸ ਦੀ ਨਗਰੀ ਤੋਂ ਬਾਹਰ ਜਾਣ ਦਾ ਆਦੇਸ਼ ਪਾਸ ਕਰ ਦਿਤਾ ਸੀ ਪਰ ਅੱਜ ਕਿਤਨੀ ਅਜਬ ਤ੍ਰਾਸਦੀ ਹੈ ਕਿ ਆਜ਼ਾਦ ਹਿੰਦੁਸਤਾਨ ਵਿਚ ਇਸ ਖਰੜੇ ਰਾਹੀਂ ਸ੍ਰੀ ਹਰਿਮੰਦਿਰ ਸਾਹਿਬ ਦੇ ਪ੍ਰਬੰਧ ਵਿਚ ਸ਼ਰਾਬੀਆਂ ਨੂੰ ਸਤਿਕਾਰਤ ਸਥਾਨ ਦਵਾ ਕੇ ਇਕ ਤਰਾ ਨਾਲ ਸ਼ਰਾਬ ਨੂੰ ਹਰਿਮੰਦਿਰ ਸਾਹਿਬ ਦੇ ਵਿਚ ਵਾੜਿਆ ਜਾ ਰਿਹਾ ਹੈ।

ਸੋ ਜਿਹੜੀ ਗੱਲ ਦੀ ਪਾਬੰਦੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ, ਸਿੱਖ ਰਹਿਤ ਮਰਯਾਦਾ ਅਤੇ ਪਰੰਪਰਾਵਾਂ


www.AKJ.Org

ਲਗਾ ਰਹੀਆਂ ਹਨ ਉਸ ਵਿਚ ਛੋਟ ਦੇਣ ਦਾ ਅਧਿਕਾਰ ਦੇਣ ਦਾ ਕੀ ਕਿਸੇ ਵਿਅਕਤੀ, ਸਰਕਾਰ ਜਾਂ ਕਿਸੇ ਸਰਕਾਰੀ ਕਮਿਸ਼ਨ ਨੂੰ ਹੈ ? ਇਹ ਵਿਧਾਨ ਸਿੱਖਾਂ ਦੀ ਸ਼੍ਰੋਮਣੀ ਸੰਸਥਾ ਦਾ ਬਣਨਾ ਹੈ, ਗੁਰਦੁਆਰਾ ਸਾਹਿਬਾਨ ਦੀ ਬਣਨਾ ਹੈ ਨਾ ਕਿ ਕਲੱਬ ਦਾ। ਇਸ ਹਾਲਾਤ ਵਿਚ ਜੱਜ ਸਾਹਿਬ ਨੂੰ ਬੇਨਤੀ ਹੈ ਕਿ ਆਪਣੀਆਂ ਪੰਥ ਘਾਤਕ ਤਜਵੀਜ਼ਾ ਨੂੰ ਖੁਦ ਵਾਪਸ ਲੈ ਕੇ ਵਿਵਾਦ ਨੂੰ ਸਮਾਪਤ ਕਰਣ ਦੀ ਕਿਰਪਾ ਕਰਨ।

ਪਤਿਤਾਂ ਨੂੰ ਛੋਟ

ਪ੍ਰਸਤਾਵਤ ਖਰੜੇ ਵਿਚ ਮੌਜੂਦਾ ਐਕਟ ਦੀ ਧਾਰਾ 45 (i) (a) (ii) ਅਤੇ 45 (3) ਨੂੰ ਵੀ ਸਮਾਪਤ ਕਰਨ ਦੀ ਤਜਵੀਜ਼ ਦਿੱਤੀ ਗਈ ਹੈ। ਇਸ ਬਾਰੇ ਆਪ ਨੇ ਆਪਣੇ ਵਿਆਖਿਆ ਨੋਟ ਵਿਚ ਲਿਖਿਆ ਹੈ, ਧਾਰਾ 45 ਸ਼੍ਰੋਮਣੀ ਦੇ ਚੁਣੇ ਜਾਣ ਵਾਲੇ ਅਤੇ ਧਾਰਾ 46 ਨਾਮਜ਼ਦ ਮੈਂਬਰਾਂ ਦੀ ਯੋਗਤਾ ਬਾਰੇ ਹਨ। ਇਹ ਦੋਨੋਂ ਧਾਰਵਾਂ ਨੂੰ ਸਿਰਫ ਦੁਬਾਰਾ 'ਡਰਾਫਟਿੰਗ ਕਰਨ ਦੀ ਮਨਸ਼ਾ ਨਾਲ ਬੜੀਆਂ ਮਾਮੂਲੀ ਤਬਦੀਲੀਆਂ ਨਾਲ ਦੁਬਾਰਾ ਲਿਖਿਆ ਜਾ ਰਿਹਾ ਹੈ।

ਇਹ ਹੈ ਦਿੱਤੀ ਵਿਆਖਿਆ। ਇਸ ਤੋਂ ਬਿਲਕੁਲ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ ਕਿ ਕੀਤਾ ਕੀ ਗਿਆ ਹੈ। ਇਥੇ ਵੀ ਜਦੋਂ ਤਕ ਐਕਟ ਨੂੰ ਖਰੜੇ ਦੇ ਨਾਲ ਰੱਖ ਕੇ ਨਾ ਪੜ੍ਹਿਆ ਜਾਏ, ਕੀਤੀ ਤਬਦੀਲੀ ਅਤੇ ਤਰਮੀਮ ਦੀ ਸਮਝ ਹੀ ਨਹੀਂ ਸਕਦੀ। ਪਰ ਹੈਰਾਨੀ ਹੈ ਕਿ 'ਮਾਮੂਲੀ ਜਹੀ ਤਬਦੀਲੀ' ਦੇ ਨਾਮ ਦੇ ਧਾਰਾ 45 (i) (a) (iii) ਅਤੇ 45 (3) ਨੂੰ ਉਡਾ ਦਿੱਤਾ ਗਿਆ ਹੈ। ਧਾਰਾ 45 (i) (a) (iii) ਮੁਤਾਬਿਕ ਕੋਈ ਵੀ ਪਤਿਤ ਪ੍ਰਬੰਧਕ ਕਮੇਟੀ ਦਾ ਮੈਂਬਰ ਬਣਨ ਦੇ ਕਾਬਿਲ ਨਹੀਂ ਹੈ। ਇਸੇ ਤਰਾਂ ਧਾਰਾ 45 (3) ਅਨੁਸਾਰ ਜੇਕਰ ਕਿਸੇ ਮੈਂਬਰ ਦੇ ਚੁਣੇ ਜਾਣ ਦੇ ਬਾਅਦ ਵੀ ਪਤਾ ਲਗਦਾ ਹੈ ਕਿ ਇਹ ਪਤਿਤ ਹੈ ਤਾਂ ਉਸਦੀ ਚੋਣ ਮੁੱਢੋਂਹੀ ਰੱਦ ਕਰਾਰ ਦਿੱਤੀ ਜਾਏਗੀ।

ਇੱਥੇ ਨਾ ਤਾਂ ਕੋਈ ਡਰਾਫਟਿੰਗ ਹੀ ਹੋ ਰਹੀ ਹੈ ਸੋ ਇਸ ਵਿਆਖਿਆ ਦੇ ਨਾਮ ਥੱਲੇ ਪਤਿਤਾਂ ਦੇ ਮੈਂਬਰ ਬਣਨ ਅਤੇ ਚੁਣੇ ਜਾਣ ਦੇ ਬਾਅਦ ਪਤਾ ਲਗਣ ਤੇ ਮੈਂਬਰਸ਼ਿਪ ਖਤਮ ਕਰਨ ਦੀ ਮੱਦ ਹਟਾ ਦਿੱਤੀ ਗਈ ਹੈ। ਪਰ ਜੇਕਰ ਹਟਾਣਾ ਹੀ ਸੀ ਤਾਂ ਇਸ ਬਾਰੇ ਖੁਲ ਕੇ ਵਿਚਾਰ ਵਟਾਂਦਰਾ ਕਰਦੇ। ਆਪ ਨੇ ਖਰੜਾ ਨੋਟੀਫਿਕੇਸ਼ਨ ਜਾਰੀ ਕਰਨ ਤੋਂ ਪਹਿਲਾਂ ਵੱਖ ਵੱਖ ਥਾਵਾਂ ਤੇ ਕਈ ਕਈ ਮੀਟਿੰਗਾਂ ਕਰਨ ਦੀ ਗੱਲ ਅਤੇ ਉਹਨਾਂ ਦੀ ਸਹਿਮਤੀ ਦਾ ਜ਼ਿਕਰ ਵੀ ਕੀਤਾ ਹੈ। ਪਰ ਇਹ ਇਕ ਬਹੁਤ ਵੱਡਾ ਇੰਨਕਸ਼ਾਫ ਹੋਵੇਗਾ ਜੇ ਕਰ ਆਪਜੀ ਦੱਸ ਸਕੋ ਕਿ 'ਸ਼ਰਾਬ' ਅਤੇ 'ਪਤਿਤਾਂ' ਨੂੰ ਖੁੱਲ ਦੇਣ ਬਾਰੇ ਕਿਸੇ ਇਕ ਨੇ ਵੀ ਆਪ ਜੀ ਨਾਲ ਸਹਿਮਤੀ ਪ੍ਰਗਟ ਕੀਤੀ ਸੀ। ਜੇ ਹੈ ਤਾਂ ਉਹ ਕਿਹੜੇ ਹਨ ?

ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਮੁਤਾਬਿਕ ਹੇਠ ਅੰਕਤ ਚਾਰ ਬੱਜਰ ਕੁਰਹਿਤਾਂ ਵਿਚੋਂ ਕੋਈ ਇਕ ਜਾਂ ਵੱਧ ਕਰਨ ਵਾਲਾ ਪਤਿਤ ਹੈ,

* ਕੇਸਾਂ ਦੀ ਬੇ-ਅਦਬੀ
* ਕੁੱਠਾ ਖਾਣਾ
* ਪਰ-ਇਸਤ੍ਰੀ ਜਾਂ ਪਰ ਪੁਰਸ਼ ਦਾ ਗਮਨ
* ਤਮਾਕੂ ਦਾ ਵਰਤਣਾ

ਪਰ ਬਿਨਾਂ ਕਾਰਣ ਬਿਆਨ ਕੀਤਿਆਂ ਖਰੜੇ ਵਿਚ ਇਹਨਾਂ ਦੋਹਾਂ ਧਾਰਾਵਾਂ ਨੂੰ ਉਡਾ ਦਿੱਤਾ ਗਿਆ ਹੈ। ਕੀ ਇਹ ਸਾਰੇ ਮਾਮਲੇ ਨੂੰ ਸਪਸ਼ਟ ਨਹੀਂ ਕਰ ਦਿੰਦਾ ਕਿ ਪ੍ਰਸਤਾਵਤ ਸੋਧਾਂ ਕੌਮ ਨੂੰ ਕਿਹੜੀ ਦਿਸ਼ਾ ਵਲ ਲਿਜਾਣਾ ਚਾਹੁੰਦੀਆਂ ਹਨ।

ਸ਼ਰਾਬ ਪੀਣ ਵਾਲਾ ਤਨਖਾਹੀਆ ਹੈ ਅਤੇ ਚਾਰ ਕੁਰਹਿਤਾਂ ਕਰਨ ਵਾਲਾ ਪਤਿਤ। ਕਿਸੇ ਪਤਿਤ ਅਤੇ ਤਨਖਾਹੀਏ ਦੀ ਅਰਦਾਸ ਵੀ ਤਖਤ ਸਾਹਿਬ ਤੇ ਨਹੀਂ ਹੋ ਸਕਦੀ। ਕੁਰਹਿਤ ਹੋ ਜਾਣ ਤੇ ਪੰਜ ਪਿਆਰਿਆਂ ਦੇ ਸਨਮੁੱਖ ਪੇਸ਼ ਹੋ ਕੇ ਤਨਖਾਹ ਲਵਾਣੀ ਪੈਂਦੀ ਹੈ ਅਤੇ ਪਤਿਤ ਹੋਣ ਦੀ ਸੂਰਤ ਵਿਚ ਮੁੜ ਅੰਮ੍ਰਿਤ ਛਕਣਾ ਪੈਂਦਾ ਹੈ ਪਰ ਖਰੜੇ ਵਿਚ ਉਕਤ ਤਰਮੀਮਾਂ ਪਤਿਤਾਂ ਅਤੇ ਤਨਖਾਹੀਆਂ ਨੂੰ ਪਾਵਨ ਗੁਰਧਾਮਾਂ ਦਾ ਪ੍ਰਬੰਧ


www.AKJ.Org

ਚੋਰ ਦਰਵਾਜ਼ੇ ਰਾਹੀਂ ਸੌਂਪਣ ਦਾ ਰਾਹ ਖੁਲ ਜਾਂਦਾ ਹੈ। ਕੀ ਇਹੀ ਇਹਨਾਂ ਸਿਫਾਰਸ਼ਾਂ ਦਾ ਮਕਸਦ ਹੈ ?

ਇਸ ਬਾਰੇ ਪਿਛੋਕੜ ਵਿਚ ਕੁਝ ਚੰਗੀਆਂ ਅਤੇ ਪੰਥ ਵਲੋਂ ਮੰਗੀਆਂ ਜਾਂਦੀਆਂ ਤਬਦੀਲੀਆਂ ਦੇ ਨਾਮ ਥੱਲੇ ਇਹਨਾਂ ਤਰਮੀਮਾਂ ਨੂੰ ਨੋਟਿਫਿਕੇਸ਼ਨ ਰਾਹੀਂ ਕਰਵਾਉਣ ਦੀ ਕੋਸ਼ਿਸ਼ ਨਿਸਚਿਤ ਤੌਰ ਤੇ ਪੰਥ ਲਈ ਘਾਤਕ ਹੈ। ਪਰ ਹੈਰਾਨੀ ਦੀ ਗੱਲ ਹੈ ਕਿ ਸਾਰੀਆਂ ਪੰਥਕ ਧਿਰਾਂ ਵਲੋਂ ਇਹ ਅਸੂਲ ਸਪਸ਼ਟ ਕਰ ਦਿੱਤੇ ਜਾਣ ਦੇ ਬਾਵਜੂਦ ਕਿ ਐਕਟ ਵਿਚ ਕੋਈ ਵੀ ਤਰਮੀਮ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਵਲੋਂ ਪਾਸ ਹੋਣ ਉਪਰੰਤ ਹੀ ਹੋਵੇਗੀ ਅਤੇ ਇਹ ਨੋਟਿਫਿਕੇਸ਼ਨ ਨਾਲ ਨਹੀਂ ਹੋ ਸਕਦੀ, ਜੱਜ ਸਾਹਿਬ ਬਾਰ ਬਾਰ ਸ਼੍ਰੋਮਣੀ ਕਮੇਟੀ ਨੂੰ ਪ੍ਰਵਾਨਗੀ ਲਈ ਕਹਿ ਰਹੇ ਹਨ ਤਾਂ ਕਿ ਤਰਮੀਮਾਂ ਮੁਤਾਬਕ ਨੋਟਿਫਿਕੇਸ਼ਨ ਜਾਰੀ ਕੀਤਾ ਜਾ ਸਕੇ। ਸੋ ਜੇਕਰ ਕੋਈ ਵੀ ਤਬਦੀਲੀ ਕਰਨੀ ਹੈ ਤਾਂ ਉਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਦੀ ਪ੍ਰਵਾਨਗੀ ਨਾਲ ਹੀ ਹੋਣੀ ਚਾਹੀਦੀ ਹੈ। ਸਾਰੀਆਂ ਪੰਥਕ ਧਿਰਾਂ ਨੂੰ ਇਸ ਮੁੱਢਲੇ ਅਸੂਲ ਨੂੰ ਮੰਨ ਕੇ ਗੁਰਮਤਿ ਬੁੱਧ ਬਿਬੇਕ ਦੀ ਰੌਸ਼ਨੀ ਵਿਚ ਹੀ ਕਾਰਵਾਈ ਕਰਨੀ ਚਾਹੀਦੀ ਹੈ।

**ਖਰੜਾ ਗੁਰਦੁਆਰਾ ਬਿਲ 1999**

ਇਸ ਤੋਂ ਅਲਾਵਾ ਚੀਫ ਜਸਟਿਸ ਹਰਬੰਸ ਸਿੰਘ ਜੀ ਨੇ ਇਕ ਆਲ ਇੰਡੀਆ ਗੁਰਦੁਆਰਾ ਬਿਲ ਦਾ ਅੰਤਿਮ ਖਰੜਾ ਵੀ ਸਰਕਾਰ ਨੂੰ ਭੇਜਿਆ ਹੈ ਅਤੇ ਇਸ ਦੀ ਇਕ ਕਾਪੀ ਸ਼੍ਰੋਮਣੀ ਕਮੇਟੀ ਨੂੰ ਵੀ ਭੇਜੀ ਹੈ। ਹਾਲੇ ਮੌਜੂਦਾ ਐਕਟ ਵਿਚ ਪ੍ਰਸਤਾਵਤ ਤਰਮੀਮਾਂ ਤੇ ਇਤਨਾ ਵਾਵਰੋਲਾ ਪਿਆ ਸੀ ਇਸ ਦੌਰਾਨ ਕੇਂਦਰ ਸਰਕਾਰ ਨੇ ਚੀਫ ਜਸਟਿਸ ਹਰਬੰਸ ਸਿੰਘ ਜੀ ਦਾ ਤਿਆਰ ਕੀਤਾ ਇਹ ਖਰੜਾ ਵੀ 27 ਸਤੰਬਰ, 1999 ਨੂੰ ਪੰਜਾਬ ਸਰਕਾਰ ਰਾਹੀਂ ਸ਼੍ਰੋਮਣੀ ਕਮੇਟੀ ਵਿਚਾਰ ਹਿਤ ਭੇਜ ਦਿੱਤਾ ਹੈ। ਇਹ ਦਸਤਾਵੇਜ਼ ਤਾਂ ਹੋਰ ਵੀ ਖਤਰਨਾਕ ਹੈ ਅਤੇ ਪੰਥ ਨੂੰ ਨਵੇਂ ਝਮੇਲਿਆਂ ਵਿਚ ਉਲਝਾਉਣ ਦਾ ਦਸਤਾਵੇਜ਼ ਹੈ। ਇਸ ਵਿਚ ਦਿੱਤੀਆਂ ਤਜਵੀਜ਼ਾਂ ਸਿੱਖ ਅਤੇ ਸਿੱਖੀ ਦੇ ਮੁੱਢਲੇ ਸਿਧਾਂਤਾਂ ਦੇ ਇਕ ਦਮ ਉਲਟ ਹਨ। ,ਪੰਥਕ ਜਥੇਬੰਦੀਆਂ ਅਤੇ ਖਾਸ ਕਰ ਸ਼੍ਰੋਮਣੀ ਕਮੇਟੀ ਦਾ ਅਧਿਕਾਰ ਅਤੇ ਫਰਜ਼ ਹੈ ਕਿ ਇਸ ਖਰੜਾ ਬਿਲ ਦੀ ਹਰ ਮੱਦ ਨੂੰ ਲੜੀਵਾਰ ਲੈ ਕੇ ਵਿਸਥਾਰ ਸਹਿਤ ਨਿਰਣੇ ਕਰੇ। ਇਹ ਗੱਲ ਬੜੇ ਜ਼ੋਰ ਸ਼ੋਰ ਨਾਲ ਕਹੀ ਜਾ ਰਹੀ ਹੈ ਕਿ ਖਰੜਾ ਤਿਆਰ ਕਰਨ ਵਿਚ ਬੜੀ ਮਿਹਨਤ ਕੀਤੀ ਗਈ ਹੈ ਅਤੇ ਜੱਜ ਸਾਹਿਬ ਦੀ ਨੀਅਤ ਤੇ ਸ਼ੱਕ ਨਹੀਂ ਕੀਤਾ ਜਾ ਸਕਦਾ। ਸਵਾਲ ਨੀਅਤ ਦਾ ਨਹੀਂ ਹੈ। ਇਹਨਾਂ ਤਜਵੀਜ਼ਾਂ ਨੂੰ ਜਾਰੀ ਕਰਨ ਦੀ ਨੀਅਤ ਦੀ ਗੱਲ ਨਹੀਂ ਇਹਨਾਂ ਦਾ ਬਾਅਸੂਲਾਂ ਹੋਣਾ ਵੀ ਜ਼ਰੂਰੀ ਹੈ। ਸੋ ਜੇਕਰ ਤਾਂ ਇਹ ਮਿਹਨਤ ਮਰਯਾਦਾ ਅਤੇ ਅਸੂਲ ਮੁਤਾਬਕ ਹੈ ਤੇ ਪੰਥ ਪ੍ਰਵਾਨ ਕਰਦਾ ਹੈ ਤਾਂ ਫਿਰ ਮੁਬਾਰਕ ਹੈ ਪਰ ਜੇਕਰ ਇਹ ਜ਼ਾਹਰਾ ਤੌਰ ਤੇ ਹੀ ਪੰਥਕ ਹਿਤਾਂ ਦੇ ਵਿਰੁੱਧ ਹਨ ਤਾਂ ਕੀ ਸਿਰਫ ਕੀਤੀ ਮਿਹਨਤ ਜਾਂ ਨੇਕ-ਨੀਅਤ ਦੀ ਬਿਨਾ ਤੇ ਕੌਮ ਨੂੰ ਅਪਣਾ ਲੈਣ ਦੀ ਰਾਇ ਹਾਸੋ ਹੀਣੀ ਨਹੀਂ? ਇਸ ਗੰਭੀਰ ਮਸਲੇ ਵਿਚ ਕੀਤੀ ਅਣਗਿਹਲੀ ਜਾਂ ਕੋਤਾਹੀ ਇਤਿਹਾਸਕ ਗਲਤੀ ਹੋ ਨਿਬੜੇਗੀ। ਉਪਰੋਕਤ ਮੱਦਾਂ ਖਾਸ ਕਰਕੇ 'ਸ਼ਰਾਬੀਆਂ' ਅਤੇ 'ਪਤਿਤਾਂ' ਨੂੰ ਛੋਟ' ਵਾਲੀਆਂ ਮੱਦਾਂ ਤਾਂ ਵਿਚਾਰ ਦੀਆਂ ਵੀ ਮੁਹਤਾਜ ਨਹੀਂ। ਇਹਨਾਂ ਨੂੰ ਤਾਂ ਵੈਸੇ ਹੀ ਰੱਦ ਕਰ ਦੇਣਾ ਚਾਹੀਦਾ ਹੈ। ਇਸ ਖਰੜੇ ਦੀਆਂ ਕੁਝ ਕੁ ਮੱਦਾਂ ਜੋ ਕਿ ਸਪਸ਼ਟ ਤੌਰ ਤੇ ਹੀ ਪੰਥਕ ਮਰਯਾਦਾ ਦੇ ਉਲਟ ਹਨ, ਇਸ ਤਰਾਂ ਹਨ,

* ਸਚਿਖੰਡ ਸ੍ਰੀ ਹਰਿਮੰਦਿਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਮੀਰੀ ਪੀਰੀ ਦੇ ਸਿਧਾਂਤ ਨੂੰ ਦ੍ਰਿੜ ਕਰਦੇ ਹਨ ਇਸੇ ਲਈ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਹਰਿਮੰਦਿਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਕੀਤੀ। ਨਵੇਂ ਬਿੱਲ ਵਿਚ ਸ੍ਰੀ ਅਕਾਲ ਤਖਤ ਸਾਹਿਬ ਨੂੰ ਕੇਵਲ ਇਕ ਗੁਰਦੁਆਰਾ ਹੀ ਮੰਨਿਆ ਹੈ (S.445)
* ਸਿੱਖ ਦੀ ਪਰਿਭਾਸ਼ਾ ਵਿਚ ਤਿੰਨ ਸ਼ਰਤਾਂ ਅੰਕਤ ਸਨ, (ੳ) 'ਜੋ ਦਸ ਗੁਰੂ ਸਾਹਿਬਾਨ ਦੀ ਸਿਖਿਆ ਤੇ ਅਮਲ ਕਰਦਾ ਹੈ ਅਤੇ ਇਸ ਵਿਚ ਵਿਸ਼ਵਾਸ ਰਖਦਾ ਹੈ।' ਇਸ ਵਿਚੋਂ 'ਅਮਲ ਕਰਦਾ ਹੈ' ਲਫਜ਼ ਕੱਢ ਦਿੱਤੇ ਹਨ, ਕੇਵਲ ਵਿਸ਼ਵਾਸ ਕਰਦਾ ਹੈ ਰਹਿਣ ਦਿੱਤਾ ਹੈ। (SH2 (zb)

* ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਅਤੇ ਸਚਿਖੰਡ ਸ੍ਰੀ ਹਰਿਮੰਦਿਰ ਸਾਹਿਬ ਦੇ ਹੈਡ ਗ੍ਰੰਥੀ ਸਾਹਿਬ ਲਈ ਗੁਰਦੁਆਰਾ ਬੋਰਡ ਦੇ ਪ੍ਰਧਾਨ ਜਾਂ ਉਸਦੇ ਨੁਮਾਇੰਦੇ ਦੇ ਸਾਹਮਣੇ ਪੇਸ਼ ਹੋ ਕੇ ਅਹੁਦੇ ਦੀ ਸਹੁੰ ਚੁਕਣੀ ਪਵੇਗੀ। (S.78(5)

* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਨਾਮ ਸਮਾਪਤ ਕਰ ਕੇ ਇਸ ਦਾ ਨਾਮ ਕੇਂਦਰੀ ਗੁਰਦੁਆਰਾ ਬੋਰਡ ਹੋ ਜਾਏਗਾ। ਸਿੱਖ ਗੁਰਦੁਆਰਾ ਐਕਟ, 1925 ਅਤੇ ਸ਼੍ਰੋਮਣੀ ਕਮੇਟੀ ਦੀ ਹੋਂਦ ਹੀ ਸਮਾਪਤ ਕਰ ਦਿੱਤੀ ਗਈ ਹੈ। (S.17(2), S.156)

* ਨਵਾਂ ਕੇਂਦਰੀ ਬੋਰਡ ਬਣਨ ਤੋਂ ਪਹਿਲਾਂ ਇਕ ਅੰਤ੍ਰਿਮ ਬੋਰਡ ਕੇਂਦਰ ਸਰਕਾਰ ਬਣਾਏਗੀ ਜੋ ਇਸ ਦੀ ਪਹਿਲੀ ਮੀਟਿੰਗ ਹੋਣ ਤੋਂ ਕੇਂਦਰੀ ਬੋਰਡ ਬਣਨ ਤਕ ਹੋਂਦ ਵਿਚ ਰਹੇਗਾ। ਜੇਕਰ ਕਿਸੇ ਕਾਰਣ ਵਸ਼ ਜਾਂ ਕਾਨੂੰਨੀ ਅੜਿਚਣ ਕਰਕੇ ਮੀਟਿੰਗ ਨਾ ਹੋ ਸਕੀ ਤਾਂ ਇਹ ਸਰਕਾਰ ਦੁਆਰਾ ਗਠਿਤ ਅੰਤ੍ਰਿਮ ਬੋਰਡ ਹੀ ਸ਼੍ਰੋਮਣੀ ਕਮੇਟੀ ਦਾ ਸਥਾਨ ਲਵੇਗਾ। (S.124, S.125)

* ਸਿੱਖ ਰਹਿਤ ਮਰਯਾਦਾ ਦੇ ਅਸੂਲ ਦੇ ਉਲਟ ਕਿਸੇ ਸਿੱਖ ਜਾਂ ਲੋਕਲ ਮਸਲੇ ਦੀ ਅਪੀਲ ਸ੍ਰੀ ਅਕਾਲ ਤਖਤ ਸਾਹਿਬ ਤੇ ਸਿਧਿਆਂ ਨਹੀਂ ਹੋ ਸਕੇਗੀ। ਇਸ ਵਿਚ ਕਈ ਕਮੇਟੀ ਦਰ ਕਮੇਟੀ ਦੀਆਂ ਕੰਡਿਆਲੀਆਂ ਤਾਰਾਂ ਖੜੀਆਂ ਦਿੱਤੀਆਂ ਗਈਆਂ ਹਨ (S.76)

* ਮੈਂਬਰ ਬਣਨ ਲਈ ਚਾਰ ਬੱਜਰ ਕੁਰਹਿਤਾਂ ਵਿਚੋਂ ਦੋ ਦੀ ਮਨਾਹੀ ਕੀਤੀ ਗਈ ਹੈ।(S.33)

* ਵੋਟਰ ਸ਼ਰਾਬੀ ਅਤੇ ਕੁਰਹਿਤੀਆਂ ਵੀ ਬਣ ਸਕਦਾ ਹੈ ਭਾਵੇਂ ਕਮੇਟੀ ਸ਼ਰਾਬ ਅਤੇ ਤਮਾਕੂ ਨੋਸ਼ੀ ਦੇ ਵਿਰੁੱਧ ਕੰਮ ਕਰੇਗੀ।(S.31,S.64)

* ਕਮੇਟੀ ਵਲੋਂ ਸਰਕਾਰ ਨੂੰ ਦਿੱਤੀ ਜਾਣੀ ਰਕਮ ਦੀ ਅਦਾਇਗੀ ਨਾ ਹੋਣ ਦੀ ਸੂਰਤ ਵਿਚ ਕੁਰਕੀ ਜਬਤੀ ਦੀ ਕਾਰਵਾਈ ਹੋਵੇਗੀ।(S.74 (2)

* ਕਮੇਟੀ ਦੇ ਮੈਂਬਰ ਕਿਸੇ ਮੈਂਬਰ ਜਾਂ ਅਹੁਦੇਦਾਰ ਨੂੰ ਬਿਨਾ ਕਾਰਣ ਦੇ ਕੱਢ ਸਕਣਗੇ। (S.41 (c)

* ਸਿੱਖ ਰਹਿਤ ਮਰਯਾਦਾ ਵਿਚ ਵਰਣਤ ਮਤਾ ਅਤੇ ਗੁਰਮਤਾ ਜਾਰੀ ਕਰਨ ਦੀ ਵਿਧੀ ਨੂੰ ਸਮਾਪਤ ਕਰ ਦਿੱਤਾ ਗਿਆ ਹੈ। (s.83 (3)

* ਸੰਗਤ, ਖਾਲਸਾ, ਪੰਜ ਪਿਆਰੇ, ਗੁਰੂ ਪੰਥ, ਸਿੱਖ ਰਹਿਤ ਮਰਯਾਦਾ ਆਦਿ ਦੇ ਸੰਕਲਪ ਨੂੰ ਮੂਲੋਂ ਹੀ ਉਡਾ ਦਿੱਤਾ ਗਿਆ ਹੈ। ਇਹਨਾਂ ਸ਼ਬਦਾਂ ਨੂੰ ਖਰੜੇ ਵਿਚ ਕੋਈ ਥਾਂ ਨਹੀਂ ਦਿੱਤੀ ਗਈ ਹੈ।

* ਗੁਰਦੁਆਰਾ ਪ੍ਰਬੰਧ ਦੇ ਨਿਯਮ ਉਪਨਿਯਮ ਕੇਂਦਰ ਸਰਕਾਰ ਬਣਾਏਗੀ। ਅਤੇ ਕਿਸੇ ਮੱਦ ਤੇ ਸਹਿਮਤੀ ਨਾ ਹੋਣ ਦੀ ਸੂਰਤ ਵਿਚ ਇਸਦੀ ਵਿਆਖਿਆ ਵੀ ਸਰਕਾਰ ਹੀ ਕਰੇਗੀ। (S.147: S.152)

* ਗੁਰਦੁਆਰਾ ਜਾਗਦੀ ਜੋਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸੰਗਤ ਦੇ ਜੁੜ ਬੈਠ ਕੇ ਪ੍ਰਭੂ ਦੀ ਉਸਤਿਤ ਦਾ ਸਥਾਨ ਹੈ 'ਪੂਜਾ ਅਕਾਲ ਕੀ, ਪਰਚਾ ਗ੍ਰੰਥ, ਦੀਦਾਰ ਖਾਲਸੇ ਕਾ' ਦੇ ਸਿਧਾਂਤ ਦੇ ਉਲਟ ਗੁਰਦੁਆਰੇ ਨੂੰ ਇਕ ਮੰਦਰ ਦੀ ਤਰਾਂ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਦਾ ਸਥਾਨ ਦੱਸਿਆ ਗਿਆ ਹੈ।

* ਕਿਸੇ ਗੁਰਦੁਆਰੇ ਨੂੰ ਗੁਰਦੁਆਰਾ ਮੰਨਣ ਲਈ ਉਸ ਦਾ ਗੁਰਦੁਆਰੇ ਦੇ ਤੌਰ ਤੇ ਲਗਾਤਾਰ ਇਸਤੇਮਾਲ ਹੋਣਾ ਜ਼ਰੂਰੀ ਹੈ। ਇਸ ਮੁਤਾਬਿਕ ਤਾਂ ਪਾਕਿਸਤਾਨ ਵਿਚ ਰਹਿ ਗਏ ਗੁਰਦੁਆਰੇ ਜੋ ਬੰਦ ਪਏ ਹਨ, ਹੁਣ ਗੁਰਦੁਆਰੇ ਹੀ ਨਹੀਂ ਰਹੇ।(S.2zc(iv)

* 'ਘਰ ਘਰ ਅੰਦਰ ਧਰਮਸਾਲ' ਦਾ ਸਿਧਾਂਤ ਗੁਰੂ ਸਾਹਿਬ ਨੇ ਦਿੱਤਾ ਪਰ ਇਸਦੇ ਉਲਟ ਨਵੇਂ ਖਰੜੇ ਵਿਚ ਬਿਨਾ ਰਜਿਸਟਰਿੰਗ ਦੀ ਲਿਖਤੀ ਇਜਾਜ਼ਤ ਦੇ ਨਵਾਂ ਗੁਰਦੁਆਰਾ ਸਾਹਿਬ ਬਣਾਣ ਵਾਲੇ ਨੂੰ ਕੇਦ ਦੀ ਸਜ਼ਾ ਹੋਵੇਗੀ।(S.5,............)

ਸੋ ਲੋੜ ਹੈ ਸਮੇਂ ਨੂੰ ਸੰਭਾਲਣ ਦੀ ਤਾਂ ਕਿ ਅਸੀਂ ਸੁਝਾਈਆਂ ਸੋਧਾਂ ਦੇ ਨਾਂ ਤੇ ਆਪਣੀ ਜਾਨ ਤੋਂ ਵੀ ਪਿਆਰੇ ਗੁਰਦੁਆਰੇ ਗੁਰਧਾਮਾਂ ਦੀ ਸੇਵਾ ਸੰਭਾਲ ਤੋਂ ਹੀ ਵਾਂਝੇ ਨਾ ਹੋ ਜਾਈਏ।


www.AKJ.Org

# ਸਲੋਕ ਭਗਤ ਕਬੀਰ ਜੀਉ ਕੇ

(Translated By Jaspinder Singh)

ਕਬੀਰ ਐਸੀ ਹੋਇ ਪਰੀ ਮਨ ਕੋ ਭਾਵਤੁ ਕੀਨੁ॥ ਮਰਨੇ ਤੇ ਕਿਆ ਡਰਪਨਾ ਜਬ ਹਾਥਿ ਸਿਧਉਰਾ ਲੀਨ॥੭੧॥
Slok No.71: O'Kabir! It has so happened that the lord has bestowed on me Godly devotion that I now cherish. Now that I have accepted to follow Godliness, I shall devote myself fully without any remorse for losing all sense of worldliness. this is like the chaste woman, who accepts to die along with the corpse of her husband on the burning pyre and there is no more fear of death for her.-71

ਕਬੀਰ ਰਸ ਕੋ ਗਾਂਡੋ ਚੂਸੀਐ ਗੁਨ ਮਰੀਐ ਰੋਇ॥ ਅਵਗੁਨੀਆਰੇ ਮਾਨਸੈ ਭਲੋ ਨ ਕਹਿਹੈ ਕੋਇ॥੭੨॥
Slok No.72: O'Kabir! The virtue is obtained by renouncing evil and giving up ego of selfhood, yet the virtuous have to be prepared for hardship and sacrifice. Look at the juicy sweet sugarcane that is chewed up for its sweetness. The evil persons, without a virtue, do not get any appreciation.-72

ਕਬੀਰ ਗਾਗਰਿ ਜਲ ਭਰੀ ਆਜੁ ਕਾਲਿ ਜੈਹੈ ਫੂਟਿ॥ ਗੁਰੁ ਜੁ ਨ ਚੇਤਹਿ ਆਪਨੋ ਅਧ ਮਾਝਿ ਲੀਜਹਿਗੇ ਲੂਟਿ॥੭੩॥
Slok No.73: O'Kabir! Human body is like earthen pot full of water that shall break up soon.Life is transitory and its main purpose is to attain godlines through contemplation of the Guru. Those, who do not give up worldliness to become ardent devotees of the Guru, shall die without accomplishment of their human objective.-73

ਕਬੀਰ ਕੂਕਰੁ ਰਾਮ ਕੋ ਮੁਤੀਆ ਮੇਰੋ ਨਾਉ॥ ਗਲੇ ਹਮਾਰੇ ਜੇਵਰੀ ਜਹ ਖਿੰਚੈ ਤਹ ਜਾਉ॥੭੪॥
Slok No. 74 : O' Kabir I am devoted to my Lord like a dog. I get affection of every body around. His command is like a chain around my neck and I carry out His bidding unhesitatingly.-74

ਕਬੀਰ ਜਪਨੀ ਕਾਠ ਕੀ ਕਿਆ ਦਿਖਲਾਵਹਿ ਲੋਇ॥ ਹਿਰਦੈ ਰਾਮੁ ਨ ਚੇਤਹੀ ਇਹ ਜਪਨੀ ਕਿਆ ਹੋਇ॥੭੫॥
Slok No.75: O'Kabir! What is the use of displaying rosary in hand? Thou meditate not on Nam in thy mind.-75

ਕਬੀਰ ਬਿਰਹੁ ਭੁਯੰਗਮ ਮਨਿ ਬਸੈ ਮੰਤੁ ਨ ਮਾਨੈ ਕੋਇ॥ ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ॥੭੬॥
Slok No.76: O'Kabir! A true devotee is love-lorn like the one stung by the snake Having lost worldly attachment and ego in Love-Divine, no earthly temptation can work on him. He lives only in Godly presence. Among the worldly mortals he appears to be very abnormal due to uncommon interests.-76

ਕਬੀਰ ਪਾਰਸ ਚੰਦਨੈ ਤਿਨ ਹੈ ਏਕ ਸੁਗੰਧ॥ ਤਿਹ ਮਿਲਿ ਤੇਊ ਊਤਮ ਭਏ ਲੋਹ ਕਾਠ ਨਿਰਗੰਧ॥੭੭॥
Slok No.77: O'Kabir! Touchstone and sandal wood each one is bestowed with a virtue.Touchstone turns iron into gold with its touch and sandal wood imparts its fragrance to the ordinary wood in its vicnity. To feel pangs of sepration and yearn for union with the Lord is the effect of associating with the Guru.Like touchstone and sandal wood guru has induced Love-Divine in the devotee.-77


www.AKJ.Org

ਕਬੀਰ ਜਮ ਕਾ ਠੇਂਗਾ ਬੁਰਾ ਹੈ ਓਹੁ ਨਹੀ ਸਹਿਆ ਜਾਇ॥ ਏਕੁ ਜੁ ਸਾਧੂ ਮੋੁਹਿ ਮਿਲਿਓ ਤਿਨਿ ਲੀਆ ਅੰਚਲਿ ਲਾਇ॥੭੮॥
Slok No.78: O'Kabir! Worldly pursuit has punishment in store, administered through angels of death. that is most dreadful. Fortunately I found the saintly Guru, who took me under his refuge, to save me from worldliness.-78

ਕਬੀਰ ਬੈਦੁ ਕਹੈ ਹਉ ਹੀ ਭਲਾ ਦਾਰੂ ਮੇਰੈ ਵਸਿ॥ ਇਹ ਤਉ ਬਸਤੁ ਗੁਪਾਲ ਕੀ ਜਬ ਭਾਵੈ ਲੇਇ ਖਸਿ॥੭੯
Slok NO.79: O'Kabir! A physician considers himself great, who can cure bodily ills to save from death.However,human life is a Divine gift and the Lord can terminate it at His will.-79

ਕਬੀਰ ਨਉਬਤਿ ਆਪਨੀ ਦਿਨ ਦਸ ਲੇਹੁ ਬਜਾਇ॥ ਨਦੀ ਨਾਵ ਸੰਜੋਗ ਜਿਉ ਬਹੁਰਿ ਨ ਮਿਲਹੈ ਆਇ॥੮੦॥
Slok No.80: O'Kabir! A mortal has the freedom of choice to choice to choose between Godly Love and duality of wordliness. The short life is spent according to individual discretion like the passengers in a boat who cannot hope to meet again. Similarly the human life is not regained with all its possibilities.-80

ਕਬੀਰ ਸਾਤ ਸਮੁੰਦਰ ਮਸੁ ਕਰਉ ਕਲਮ ਕਰਉ ਬਨਰਾਇ॥ ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ॥੮੧॥
Slok No.81: O'Kabir! Virtuesof the Lord are so countless that if all the seven oceans were to be the ink, all vegetation be used for pen and the entire earth used for paper,yet that will not suffice to enumerate them.-81

ਕਬੀਰ ਜਾਤ ਜੁਲਾਹਾ ਕਿਆ ਕਰੈ ਹਿਰਦੈ ਬਸੇ ਗੁਪਾਲ॥ ਕਬੀਰ ਰਮਈਆ ਕੰਠਿ ਮਿਲੁ ਚੂਕਹਿ ਸਰਬ ਜੰਜਾਲ॥੮੨॥
Slok No.82: O'Kabir! So what if I am lowly weaver caste, my heart is enshrined with presence of the Lord.Not merely has the low caste lost mening but no worldly evil can touch me, with Godly union.-82

ਕਬੀਰ ਐਸਾ ਕੋ ਨਹੀ ਮੰਦਰੁ ਦੇਇ ਜਰਾਇ॥ ਪਾਂਚਉ ਲਰਿਕੇ ਮਾਰਿ ਕੈ ਰਹੈ ਰਾਮ ਲਿਉ ਲਾਇ॥੮੩॥
Slok No. 83 : O' Kabir ! Rare is the one to renounce attachment with self ego and overpower the five evils to devote to Love-Divine-83

ਕਬੀਰ ਐਸਾ ਕੋ ਨਹੀ ਇਹੁ ਤਨੁ ਦੇਵੈ ਫੂਕਿ॥ ਅੰਧਾ ਲੋਗੁ ਨ ਜਾਨਈ ਰਹਿਓ ਕਬੀਰਾ ਕੂਕਿ॥੮੪॥
Slok No. 84: O' Kabir ! Rare is the one to burn away self-love. Blind of ignorance heed not to the warning call of Kabir to give up selfhood in favour of Love-Divine-84

ਕਬੀਰ ਸਤੀ ਪੁਕਾਰੈ ਚਿਹ ਚੜੀ ਸੁਨੁ ਹੋ ਬੀਰ ਮਸਾਨ॥ ਲੋਗੁ ਸਬਾਇਆ ਚਲਿ ਗਇਓ ਹਮ ਤੁਮ ਕਾਮੁ ਨਿਦਾਨ॥੮੫॥
Slok No . 85 : Knowledge Divine alone can help the chaste soul bride to burn ego of selfhood that separate one from the Lord husband. Says Kabir no worldly help can help can be of any avail in getting rid of ego except Divine-cognition (obtained by grace of the Guru) -85

ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ॥ ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥੮੬॥
Slok No. 86 : O' Kabir ! One 's mind is like a bird that keeps flying in all directions. The fruit that it eats depends upon the company it associates with-86.

(To be Continued)


www.AKJ.Org

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਲੜੀ ਜੋੜਨ ਲਈ ਸੂਰਾ ਨਵੰਬਰ ੧੧ ਦੇਖੋ

## ੨੪ ਕਿਰਤ ਕਰਮ

ਪੂਰਬਲੇ ਕਰਮਾਂ ਦੇ ਬਦਲੇ ਅਗਲੇਰੇ ਜਨਮ ਵਿਚਿ ਜਜ਼ਾ ਸਜ਼ਾ ਵਜੋਂ ਉਸੇ ਭੁਗਤ ਦੇ ਕਰਮ ਭੁਗਤਾਏ ਜਾਂਦੇ ਹਨ। ਬਾਰੰਬਾਰ ਉਹੀ ਇਕੋ ਕਰਮ ਕਰਨ ਦੀ ਜੋ ਵਹਿਵਤ ਪੈ ਜਾਂਦੀ ਹੈ, ਆਦਤ ਪੈ ਜਾਂਦੀ ਹੈ, ਉਸ ਵਹਿਵਤ ਆਦਤ ਅਧੀਨ ਜੋ ਭੀ. ਕਰਮ-ਪ੍ਰਾਣੀ ਕਰਦਾ ਹੈ। ਉਸ ਦਾ ਨਾਮ ਕਿਰਤ-ਕਰਮ ਹੈ। ਕਿਰਤ ਵਾਲੇ ਕਰਮ ਭੁਗਤਣੇ ਹੀ ਪੈਂਦੇ ਹਨ। ਮਿਟਦੇ ਨਹੀਂ। ਆਵਾਗਵਨ ਭੀ ਇਸ ਕਿਰਤ-ਕਰੰਮੀ ਗੇੜ ਕਰਕੇ ਹੁੰਦਾ ਹੈ। ਕਰਮਾਂ ਦੀ ਕਿਰਤ ਮੱਥੇ ਲਿਖੀ ਜਾਂਦੀ ਹੈ, ਕਰਮ ਭੁਗਤਾਉਣ ਲਈ। ਯਥਾ ਗੁਰਵਾਕ :-

ਆਵੈ ਜਾਇ ਭਵਾਈਐ ਪਇਐ ਕਿਰਤਿ ਕਮਾਇ॥<br>
ਪੁਰਬਿ ਲਿਖਿਆ ਕਿਉ ਮੇਟੀਐ ਲਿਖਿਆ ਲੇਖੁ ਰਜਾਇ॥<br>
ਬਿਨੁ ਹਰਿਨਾਮੁ ਨ ਛੁਟੀਐ ਗੁਰਮਤਿ ਮਿਲੈ ਮਿਲਾਇ॥੭॥(੮॥੧੦)

ਸਿਰੀ ਰਾਗੁ ਮ: ੧, ਪੰਨਾ ੫੯

ਭਾਵ ਅਰਥ :- ਬਾਰੰਬਾਰ ਦੂਜੇ ਭਾਵ ਦੇ ਕਰਮ ਕਮਾਵਣ ਕਰਿ ਜੋ ਬੰਦੇ ਦੀ ਕਿਰਤ ਬਿਰਤ ਹੋ ਜਾਂਦੀ ਹੈ, ਵਹਿਵਤ ਰੂਪ, ਉਹ ਮੱਥੇ ਤੇ ਲਿਖੀ ਜਾਂਦੀ ਹੈ। ਉਸੇ ਅਨੁਸਾਰ ਉਹ ਜੂਨਾਂ ਵਿਚ ਆਉਂਦਾ ਜਾਂਦਾ ਹੈ ਅਤੇ ਆਵਾਗਉਣ ਦੇ ਚੱਕਰ ਵਿਚਿ ਭਉਂਦਾ ਹੈ। ਕਿਰਤ ਪਈ ਅਨੁਸਾਰ ਭਵਾਈਂਦਾ ਹੈ, ਅਗਲੇ ਜਨਮ ਵਿਚਿ ਹੀ ਕੁਕ੍ਰਿਤ ਕਰਮ ਜ਼ਰੂਰ ਹੀ ਉਸ ਤੋਂ ਹੁੰਦੇ ਹਨ। ਇਹ ਪਹਿਲੇ ਜਨਮ ਦੀ ਸਜ਼ਾ ਉਸ ਨੂੰ ਮਿਲਦੀ ਹੈ। ਉਹ ਉਸ ਨਾਲਿ ਕੋਈ ਬੇਇਨਸਾਫ਼ੀ ਨਹੀਂ ਹੁੰਦੀ, ਸਗੋਂ ਐਨ ਇਨਸਾਫ਼ ਹੁੰਦਾ ਹੈ। ਪੂਰਬਲਾ ਲੇਖ ਲਿਖਿਆ ਕਿਸੇ ਦਾ ਮਿਟਾਇਆ ਮਿਟਦਾ ਨਹੀਂ, ਕਿਉਂਕਿ ਓਹ ਕ਼ਰਮ ਰਜ਼ਾਇ ਅਨੁਸਾਰ ਲਿਖਿਆ ਗਇਆ ਹੁੰਦਾ ਹੈ। ਉਸ ਕਿਰਤ-ਕਰੰਮੀ ਲਿਖੇ ਲੇਖ ਤੋਂ ਛੁਟਕਾਰਾ ਹੁੰਦਾ ਹੈ ਤਾਂ ਸਤਿਗੁਰੂ ਦੁਆਰਾ ਨਾਮ ਮਿਲੇ ਤੋਂ ਹੁੰਦਾ ਹੈ, ਨਹੀਂ ਤਾਂ ਲੇਖ ਨਹੀਂ ਮਿਟਦਾ। 'ਬਿਨੁ ਹਰਿ ਨਾਮੁ ਨ ਛੁਟੀਐਂ'। ਪ੍ਰੰਤੂ ਨਾਮੁ ਮਿਲਦਾ ਹੈ ਗੁਰਮਤਿ ਕਰਕੇ ਗੁਰੂ ਦਾ ਮਿਲਾਇਆ ਹੀ ਮਿਲਦਾ ਹੈ। ਇਸ ਬਿਧਿ ਕਰਮ-ਕਿਰਤ ਰੇਖਾ ਭੀ ਗੁਰੂ ਦੀ ਮਿਟਾਈ ਹੀ ਮਿਟਦੀ ਹੈ।

ਇਸ ਪ੍ਰਥਾਇ ਇਕ ਸਾਖੀ ਆਉਂਦੀ ਹੈ ਕਿ ਗੁਰੂ ਅਰਜਨ ਸਾਹਿਬ ਪੰਚਮ ਗੁਰੂ ਪਾਤਸ਼ਾਹ ਦੇ ਦਰਬਾਰ ਵਿਚਿ ਇਕ ਪਰਜਾਪਤੀ ਰਾਜਾ ਆਇਆ, ਸਣੇ ਰਣਵਾਸ ਦੇ (ਰਾਣੀਆਂ ਆਦਿਕ ਪਰਵਾਰ ਸਹਿਤ) ਆਪਣੀ ਕਲਿਆਣ ਨਮਿਤ ਆਇਆ। ਆਪਣੇ ਕਰਮਾਂ ਦੇ ਲੇਖ ਮਿਟਾਉਣ ਹਿਤ ਆਇਆ। ਪ੍ਰੰਤੂ ਉਸ ਨੇ ਮਨ ਹੀ ਮਨ ਵਿਚ ਆਪਣੇ ਇਸ ਆਸ਼ੇ ਅਭਿਪਰੇ ਨੂੰ ਗੁਪਤ ਹੀ ਰਖਿਆ। ਕਿਸੇ ਨੂੰ ਦਸਿਆ ਨਹੀਂ। ਨਾ ਹੀ ਆਪਣੀ ਜ਼ਬਾਨੀ ਗੁਰੂ ਪਾਸ ਦਰਸਾਇਆ। ਚੁਪ ਚੁਪੀਤਾ ਗੁਰੂ ਦੀਆਂ ਸੰਗਤਾਂ ਵਿਚਿ ਕੁਛ ਦਿਨ ਵਿਚਰਦਾ ਰਿਹਾ। ਗੁਰੂ ਦਰਬਾਰ ਵਿਚਿ ਆਵੇ ਤੇ ਚਲਿਆ ਜਾਵੇ। ਜਿਥੇ ਉਸਦਾ ਉਤਾਰਾ ਸੀ, ਉਥੇ ਜਾ ਬਿਸਰਾਮ ਕਰੇ। ਅੰਮ੍ਰਿਤ ਵੇਲੇ ਗੁਰੂ ਕੀਆਂ ਸੰਗਤਾਂ ਦੇ ਨਾਲਿ ਹੀ ਉਠਣ ਦੀ ਉਸ ਨੂੰ ਆਦਤ ਪੈ ਗਈ। ਇਕ ਦਿਨ ਅੰਮ੍ਰਿਤ ਵੇਲੇ ਇਕ ਗੁਰੂ ਕਾ ਸਿਖ 'ਓਅੰਕਾਰ' ਬਾਣੀ ਦਾ ਪਾਠ ਕਰਦਾ ਸੀ। ਉਸ ਪਾਠ ਵਿਚਿ ਜਦੋਂ ਇਹ ਤੁਕ ਰਾਜੇ ਨੇ ਸੁਣੀ ਕਿ "ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ"* ਰਾਮਕਲੀ ਮ: ੧ ਦਖਣੀ ਓਅੰਕਾਰੁ.॥੫੨॥ਪੰਨਾ ੯੩੭) ਤਾਂ ਉਸ ਦੇ ਮਨ ਵਿਚ ਸੰਸਾ ਪੈਦਾ ਹੋ ਗਿਆ ਕਿ ਜੇ ਲਿਖਿਆ ਲੇਖ ਮਿਟਣਾ ਹੀ ਨਹੀਂ ਅਤੇ ਮੈਨੂੰ ਆਪਣੇ ਕੀਤੇ ਕਰਮਾਂ ਦੇ ਲੇਖ ਭੁਗਤਣੇ ਹੀ ਪੈਣੇ ਹਨ ਤਾਂ ਮੈ ਐਥੇ ਗੁਰੂ ਜੀ ਪਾਸ ਕਾਹਨੂੰ ਆਇਆਂ ਹਾਂ ? ਚਲੋ ਚਲੀਏ। ਐਥੋਂ ਕਲ੍ਹ ਨੂੰ ਡੇਰੇ ਕੂਚ ਕਰੀਏ। ਇਸ ਸੰਦੇਹ-ਸੰਸੇ ਦੀ ਬਾਤ ਉਸ ਨੇ ਆਪਣੇ ਮਨ ਹੀ ਮਨ ਮਾਹਿ ਰਖੀ। ਕਿਸੇ ਨੂੰ ਜਣਾਈ ਲਖਾਈ ਦਸੀ ਨਹੀਂ। ਪ੍ਰੰਤੂ ਗੁਰੂ ਅੰਤਰਯਾਮੀ ਘਟ ਘਟ ਦੀ ਜਾਨਣਹਾਰੇ ਬੁਝ ਗਏ ਕਿ ਰਾਜਾ ਅਸ਼ਰਧਕ ਹੋ ਕੇ ਵਾਪਸ ਚਲੇ ਜਾਣ ਦੀ ਨੀਯਤ ਠਾਣ


www.AKJ.Org

ਬੈਠਾ ਹੈ। ਉਸੇ ਵੇਲੇ ਹੀ ਗੁਰੂ ਸਾਹਿਬ ਨੇ ਰਾਜੇ ਨੂੰ ਆਪਣੇ ਪਾਸ ਬੁਲਾ ਕੇ ਆਖਿਆ ਕਿ ਕਲ੍ਹ ਨੂੰ ਜਾਣਾ ਨਹੀਂ। ਕਲ੍ਹ ਆਪਾਂ ਇੱਕਠੇ ਬਾਹਰ ਜੰਗਲਾਂ ਵਿਚਿ ਅਸ (ਘੋੜ) ਅਸਵਾਰ ਹੋ ਕੇ ਸੈਰ ਲਈ ਚਲਾਂਗੇ। ਰਾਜੇ ਨੇ ਸਤਿ ਕਰ ਕੇ ਗੁਰੂ ਜੀ ਦੇ ਏਸ ਹੁਕਮ ਨੂੰ ਮੰਨ ਲਿਆ। ਏਸ ਹੁਕਮ ਨੂੰ ਮੰਨਣ ਦਾ ਸਦਕਾ ਰਾਜਾ ਅਗਲੀ ਰਾਤ ਠਹਿਰ ਗਿਆ ਤਾਂ ਰਾਤ ਨੂੰ ਕੀ ਸੁਪਨਾ ਦੇਖਦਾ ਹੈ ਕਿ ਉਸ ਨੇ ਚੰਡਾਲਾਂ ਦੇ ਘਰਿ ਜਨਮ ਲਿਆ ਹੈ। ਜਨਮ ਲੈ ਕੇ ਉਹ ਚੰਡਾਲਾਂ ਦੇ ਘਰਿ ਹੀ ਪਾਲਿਆ ਪੋਸਿਆ ਗਿਆ ਤੇ ਗੱਭਰੂ ਹੋ ਗਿਆ। ਗੱਭਰੂ ਹੋਏ ਤੇ ਚੜ੍ਹਦੀ ਜਵਾਨੀ ਵਿਚਿ ਹੀ ਉਸ ਦੀ ਸ਼ਾਦੀ ਹੋ ਗਈ ਤੇ ਉਸ ਦੇ ਘਰਿ ਸੰਤਾਨ ਭੀ ਘਣੀ ਉਤਪੰਨ ਹੋਈ। ਪੁਤਾ, ਪੋਤਰਿਆਂ, ਧੀਆਂ, ਦੋਹਤ੍ਰੇ, ਦੋਹਤ੍ਰੀਆਂ ਵਾਲਾ ਹੋ ਗਿਆ ਤੇ ਬਿਰਧ ਭਇਆ। ਅਤੇ ਬਿਰਧ ਬੁੱਢੇ ਤੋਂ ਉਹ ਮਰ ਮੁੱਕ ਭੀ ਗਇਆ। ਮਰੇ ਤੋਂ ਜਦੋਂ ਚੰਡਾਲਾਂ ਦੀ ਰੀਤੀ ਅਨੁਸਾਰ ਉਸ ਨੂੰ ਮਰਘਟ ਕਬਰਿਸਤਾਂਨ ਵਿਚਿ ਲਿਜਾ ਕੇ ਦਬਾਉਣ ਲਗੇ ਤਾ ਉਸ ਦੀ (ਰਾਜੇ ਦੀ) ਜਾਗ ਖੁਲ੍ਹ ਗਈ। ਬੜਾ ਹੈਰਾਨ ਪਰੇਸ਼ਾਨ ਹੋਇਆ। ਸੁਪਨਾ ਕੀ ਸੀ। ਪਰਤੱਖ ਜੀਵਨ ਜਨਮ ਦਾ ਹੱਡ-ਬੀਤਿਆ ਚਮਤਕਾਰਾ ਸੀ। ਜਾਗੇ ਤੋਂ ਭੀ ਉਕਤ ਸੁਪਨਾ ਉਸ ਦੀਆਂ ਅੱਖਾਂ ਤੋਂ ਉਹਲੇ ਨਾ ਹੋਵੇ। ਮੁੜਿ ਨਿਮੋਝੂਣਾ ਹੋਇਆ ਨੀਵੀਂ ਪਾਇ ਕੈ ਇਹੀ ਸੋਚਾਂ ਸੋਚਦੇ ਨੂੰ ਖਾਸਾ ਦਿਨ ਚੜ੍ਹ ਆਇਆ। ਇਤਨੇ ਨੂੰ ਸਤਿਗੁਰੂ ਦੇ ਮੇਵੜੇ ਵਲੋਂ ਉਸ ਨੂੰ ਆਵਾਜ਼ ਪੈ ਗਈ। ਚਲੋ, ਤਿਆਰ ਹੋ ਜਾਓ। ਅਸਵ ਸਵਾਰ ਹੋ ਕੇ ਸਤਿਗੁਰੂ ਦੇ ਸੰਗਿ ਸਾਥ ਬਾਹਰ ਜੰਗਲਾਂ ਵਿਚਿ ਸੈਰ ਸਿਆਹਤ ਲਈ ਕਮਰਕਸੇ ਕਸ ਲਓ। ਗੱਲ ਕੀ, ਸਤਿਗੁਰੂ ਸਾਹਿਬ ਆਪਣੀਆਂ ਲਾਡਲੀਆਂ ਫ਼ੌਜਾਂ ਸਮੇਤ ਉਸ ਨੂੰ (ਰਾਜੇ ਨੂੰ) ਬਾਹਰਿ ਅਲੋਖੀ ਅਖੇਰ ਬਿਰਤ ਲਈ ਲੈ ਗਏ। ਪਰ ਰਾਜਾ ਉਹੀ ਰਾਤ ਦੇ ਸੁਪਨੇ ਦੀਆਂ ਹੈਰਾਨ-ਕੁਨ ਸੋਚਾਂ ਸੋਚਦਾ ਘੋੜ-ਸਵਾਰ ਹੋਇਆ ਸਤਿਗੁਰੂ ਦੇ ਨਾਲਿ ਚਲਿਆ ਜਾ ਰਿਹਾ ਹੈ। ਕਉਤਕੀ ਸਤਿਗੁਰੂ ਨੇ ਐਸਾ ਕਉਤਕੀ ਹੁਕਮ ਚੜ੍ਹਾਇਆ ਕਿ ਹੇ ਰਾਜਨ ! ਔਹ ਦੇਖੋ ਇਕ ਹੀਰਾ ਹਰਨ ਚੌਂਕੜੀਆਂ ਭਰਤਾ ਚਲਿਆ ਆਉਂਦਾ ਹੈ। ਜੀਹਦੇ ਅਗੇ ਦੀ ਇਹ ਨਿਕਲੇਗਾ ਉਹੀ ਉਸਦਾ ਪਿਛਾ ਕਰੇਗਾ ਅਤੇ ਮੋਹਰੀ ਬਣ ਕੇ ਉਸ ਨੂੰ ਜੈ ਕਰੇਗਾ। ਦੂਜਾ ਕੋਈ ਉਸ ਦੇ ਨਾਲਿ ਪਿਛੇ ਜਾਵੇ ਯਾ ਨਾ ਜਾਵੇ। ਭਾਵੀ ਐਸੀ ਹੋਈ ਕਿ ਉਹ ਮਿਰਗ (ਹਿਰਨ) ਰਾਜੇ ਦੇ ਅਗੋਂ ਦੀ ਹੀ ਨਿਕਲਿਆ। ਰਾਜਾ ਗੁਰੂ ਸਾਹਿਬ ਦੀ ਆਗਿਆ ਅਨੁਸਾਰ ਘੋੜਾ ਦੌੜਾਇ ਕੇ ਉਸ ਹਿਰਨ ਦੇ ਪਿਛੇ ਹੋਇਆ। ਸਤਿਗੁਰੂ ਕਉਤਕਹਾਰੇ ਆਪਣੀਆਂ ਫ਼ੌਜਾਂ ਨੂੰ ਇਸ਼ਾਰੇ ਦੇ ਕੇ ਕੁਛ ਵਿਥ ਤੇ ਪਿਛੇ ਰਹਿ ਗਏ। ਰਾਜੇ ਇੱਕਲੇ ਨੂੰ ਹੀ ਹਿਰਨ ਦੇ ਪਿਛੇ ਜਾਣ ਦਿਤਾ। ਹਿਰਨ ਬੜੀ ਤੇਜ਼ੀ ਚਉਕੜੀਆਂ ਭਰਦਾ ਰਾਜੇ ਦੇ ਮੂਹਰੇ ਮੂਹਰੇ ਦੌੜਦਾ ਕੁਦਦਾ ਹੋਇਆ ਕਈਆਂ ਜੰਗਲਾਂ ਬੇਲਿਆਂ ਨੂੰ ਚੀਰਦਾ ਇਕ ਸੁੰਨਸਾਨ ਵਾਦੀ ਵਿਚ ਜਾ ਕੇ ਅਲੋਪ ਹੋ ਗਿਆ। ਰਾਜਾ ਹੱਥ ਮਲਦਾ ਹੀ ਰਹਿ ਗਿਆ। ਉਸ ਨੂੰ ਪਿਆਸ ਡਾਢੀ ਲੱਗੀ ਹੋਈ ਸੀ। ਪਾਣੀ ਦੀ ਤਲਾਸ਼ ਵਿਚ ਕਿਸੇ ਪਿੰਡ ਗ੍ਰਾਉਂ ਦੀ ਸੂੰਹ ਸੂੰਧਕ ਲੈਣ ਲਗਾ। ਇੱਕਲਾ ਹੀ ਸੀ, ਆਪਣੇ ਘੋੜੇ ਸਮੇਤ। ਹੋਰ ਕੋਈ ਉਸ ਦੇ ਨਾਲ ਨਹੀਂ ਸੀ। ਦੇਵਨੇਤ ਨਾਲ ਥੋੜੀ ਦੂਰ ਦੇ ਫ਼ਾਸਲੇ ਤੇ ਹੀ ਉਸ ਨੇ ਇਕ ਗ੍ਰਾਮ ਦੇਖਿਆ। ਦੇਖਦਾ ਕੀ ਹੈ ਕਿ ਗ੍ਰਾਮ ਦੇ ਬਹੁਤ ਸਾਰੇ ਲੋਗ ਪਿੰਡੋਂ ਬਾਹਰਵਾਰ ਜਮ੍ਹਾ ਹੋਏ ਵੇ ਹਨ। ਉਹ ਜਮਘਟੇ ਵਲ ਹੋ ਲਿਆ। ਉਥੇ ਜਾ ਕੇ ਕੀ ਦੇਖਦਾ ਹੈ ਕਿ ਉਹੀ ਮਰਘਟ ਅਸਥਾਨ ਕਬਰਸਤਾਨ ਹੈ। ਉਸੇ ਪਿੰਡ ਦਾ ਹੈ, ਜਿਥੇ ਜਨਮ ਲੈ ਕੇ ਉਸ ਨੇ ਚੰਡਾਲ ਦੇ ਘਰਿ ਸਾਰਾ ਜੀਵਨ ਬਤੀਤ ਕੀਤਾ ਸੀ। ਓਹੀ ਪਿੰਡ ਦੇ ਲੋਗ ਹਨ। ਓਹੀ ਉਸਦਾ ਪਰਵਾਰ ਹੈ। ਪੁੱਤ੍ਰ ਪੋਤੇ ਇਸਤ੍ਰੀ ਆਦਿਕ ਭੀ ਉਹੀ ਹਨ। ਓਹਨਾਂ ਨੂੰ ਦੇਖ ਕੇ ਸ਼ਰਮਸਾਰ ਹੋਇਆ ਉਹ ਪਿਛਾਂਹ ਮੁੜਨ ਹੀ ਲੱਗਾ ਸੀ ਕਿ ਝੱਟ ਅਗੇ ਵਧ ਕੇ ਉਸ ਦੇ ਕੁਟੰਬੀਆਂ ਨੇ ਉਸ ਦੇ ਪੱਲੇ ਜਾ ਫੜੇ ਅਤੇ ਘੋੜੇ ਦੀਆਂ ਲਗਾਮਾਂ ਨੂੰ ਰੋਗ ਲਿਆ। ਸਾਰੇ ਉਸ ਨੂੰ ਚਿੰਮੜ ਗਏ। ਮੋਹ ਦੀਆਂ ਲਿਲਕਾਂ ਮਾਰ ਕੇ ਚਿੰਮੜੇ। ਹੁਣ ਅਸੀਂ ਨਹੀਂ ਜਾਣ ਦਿੰਦੇ। ਰਾਜਾ ਹੈਰਾਨੀ ਪਰੇਸ਼ਾਨੀ ਦੇ ਸਮੁੰਦਰ ਵਿਚ ਅਤੇ ਲਜਾ ਵਿਚ ਤ੍ਰਿਬੁਡ ਹੋਇਆ ਸੋਚਣ ਲਗਾ। ਸਚਮੁੱਚ ਓਹੀ ਟੱਬਰ-ਟੀਹਰ ਹੈ, ਜਿਸ ਵਿਚ ਰਹਿ ਸਹਿ ਕੇ ਮੈਂ ਸਾਰਾ ਜਨਮ ਏਹਨਾ ਚੰਡਾਲਾਂ ਦੇ ਘਰ ਬਤੀਤ ਕੀਤਾ ਹੈ, ਇਸ ਵਿਚ ਕੋਈ ਭੀ ਸੰਦੇਹ ਨਹੀਂ। ਸਾਰਿਆਂ ਨੂੰ ਮੈਂ ਜਾਣਦਾ


www.AKJ.Org

ਹਾ। ਸਾਰੇ ਮੈਨੂੰ ਜਾਣਦੇ ਹਨ। ਪੱਲਾ ਛੁਡਾਵਾਂ ਤੇ ਕਿਵੇਂ ਛੁਡਾਵਾਂ। ਛੁਡਾ ਭੀ ਨਹੀਂ ਹੁੰਦਾ। ਪਰ ਓਹਨਾਂ ਨੂੰ ਅਪਣਾਉਂਦਾ ਭੀ ਸ਼ਰਮਾਉਂਦਾ ਹੈ। ਜਿਉਂ ਜਿਉਂ ਲਾਡ ਪਿਆਰ ਨਾਲਿ ਉਸਦਾ ਬਾਲ ਬੱਚਾ ਉਸ ਨੂੰ ਚਿੰਮੜਦਾ ਹੈ ਤਿਉਂ ਤਿਉਂ ਉਹ ਬੇਬਸ ਹੋ ਹੋ ਜਾਂਦਾ ਹੈ। ਪਰ ਓਹਨਾਂ ਦੇ ਪਾਸ ਰਹਿਣ ਨੂੰ ਜੀਅ ਨਹੀਂ ਕਰਦਾ। ਫੇਰ ਆਪਣੇ ਆਪ ਨੂੰ ਇਉਂ ਹੱਲਾਸ਼ੇਰੀ ਦਿੰਦਾ ਹੈ, ਉਹ ਤਾ ਸੁਪਨਾ ਹੀ ਸੀ। ਮੈਂ ਕਾਹਨੂੰ ਪਰਤੱਖ ਜਨਮ ਏਹਨਾਂ ਦੇ ਘਰਿ ਲਿਆ ਹੈ। ਜ਼ਰਾ ਦਿਲ ਕਰਾਰਾ ਕਰਕੇ ਆਖਦਾ ਹੈ ਕਿ ਤੁਸੀਂ ਮੇਰੇ ਕੁਛ ਨਹੀਂ ਲਗਦੇ। ਤੁਸੀਂ ਮੈਨੂੰ ਕਿਉਂ ਚਿੰਮੜਦੇ ਹੋ ? ਓਹਨਾਂ ਆਖਿਆ, ਤੂੰ ਮਰ ਗਿਆ ਸੀ। ਅਸੀਂ ਰੋਂਦਿਆਂ ਕੁਰਲਾਦਿਆਂ ਨੇ ਤੈਨੂੰ ਦੱਬ ਦਿਤਾ। ਤੂੰ ਕਬਰ ਵਿਚੋਂ ਨਿਕਲ ਕੇ ਕਿਤੋਂ ਚੰਗੇ ਚੰਗੇ ਬਸਤਰ ਤੇ ਘੋੜਾ ਪਾਖਰ ਜੀਨ ਕਿਤੋਂ ਲੈ ਆਇਆ ਹੈ ਤੇ ਸਾਨੂੰ ਪਿਦਾਉਂਦਾ ਤੇ ਭੁਚਲਾਉਂਦਾ ਹੈ। ਹੁਣ ਤੈਨੂੰ ਅਸੀਂ ਜਾਣ ਦਿੰਦੇ ਹਾਂ ? ਗੱਲ ਕੀ, ਪਰਸਪਰ ਤਕੜਾ ਤਕਰਾਰ ਹੋ ਪਿਆ। ਸਾਰਾ ਪਿੰਡ ਹੋਰ ਭੀ ਇੱਕਠਾ ਹੋ ਗਿਆ। ਸਾਰੇ ਹੀ ਇਹੋ ਸ਼ਾਹਦੀ ਭਰਨ ਕੁਟੰਬੀਆਂ ਦੇ ਹੱਕ ਵਿਚ। ਰਾਜਾ ਭੀ ਸਾਰੇ ਪਿੰਡ ਦਿਆਂ ਆਦਮੀਆਂ ਤੀਮੀਆਂ । ਜਾਣੇ ਪਛਾਣੇ ਅਤੇ ਪਿੰਡ ਦੇ ਮਰਦ ਇਸਤ੍ਰੀ ਭੀ ਉਸ ਨੂੰ ਜਾਨਣ ਪਛਾਨਣ। ਬੜਾ ਘਬਰਾਇਆ, ਬੜੀ ਅੜਿੱਚਣ ਵਿਚ ਉਸ ਦੀ ਜਾਨ ਪੈ ਗਈ। ਪੱਲਾ ਛੁਡਾਉਣਾ ਦੁੱਭਰ ਹੋ ਗਿਆ।

ਏਸੇ ਘਬਰਾਹਟ ਵਿਚ ਇਕ-ਮਨ ਇਕ-ਚਿਤ ਹੋ ਕੇ ਗੁਰੂ ਸਾਹਿਬ ਦਾ ਧਿਆਨ ਧਰਿਆ ਅਤੇ ਮਨ ਹੀ ਮਨ ਵਿਚ ਬੇਨਤੀ ਕੀਤੀ, ਹੇ ਸਤਿਗੁਰੂ । ਇਸ ਭੀੜੀ ਬਣੀ ਅਉਝੜ ਤੋਂ ਆ ਕੇ ਹੁਣ ਤੁਸੀਂ ਹੀ ਛੁਡਾ ਸਕਦੇ ਹੋ। ਬਹੁੜੋ ਤੇ ਫੰਦ ਪਰਾਣ ਮੋਕਲੇ ਕਰਾਓ। ਛੁਡਾਓ ਜੀ, ਆ ਕੇ ਛੁਡਾਓ।

ਕਉਤਕਹਾਰ ਸਤਿਗੁਰੂ ਇਕ ਛਿਨ ਵਿਚਿ ਆਇ ਆਸ਼ਕਾਰ (ਪਰਗਟ) ਹੋਏ। ਰਾਜੇ ਦੀ ਘਬਰਾਹਟ ਨੂੰ ਅਤੇ ਜਿਸ ਹਾਲਤ ਵਿਚ ਉਹ ਖੜਾ ਸੀ, ਦੇਖ ਕੇ ਮੁਸਕ੍ਰਾਏ। ਲੋਕਾਂ ਨੂੰ ਤੇ ਇੱਕਠੇ ਹੋਏ ਚੰਡਾਲ-ਪਰਵਾਰ ਨੂੰ ਸਨਮੁਖ ਹੋ ਕੇ ਆਖਣ ਲਗੇ ਕਿ ਕਿਸ ਗੱਲ ਦਾ ਝਗੜਾ ਹੈ। ਹਾਜ਼ਰੀਨ ਨੇ ਇਸ ਘਟਨਾ ਵਾਲਾ ਬਿਰਤਾਂਤ ਸਤਿਗੁਰੂ ਦੀ ਹਜ਼ੂਰੀ ਵਿਖ ਵਿਸਥਾਰ ਸਹਿਤ ਦਸਿਆ। ਓੜਕ ਆਖਿਆ ਕਿ ਇਹ ਕਬਰ ਵਿਚੋਂ ਨਿਕਲ ਕੇ ਸਾਨੂੰ ਸਾਰਿਆਂ ਨੂੰ ਤਲਾਕ ਦੇਈ ਨੱਸਿਆ ਜਾਂਦਾ ਹੈ। ਅਸੀਂ ਇਸ ਨੂੰ ਨਹੀਂ ਜਾਣ ਦੇਣਾ, ਪਰ ਨਹੀਂ ਜਾਣ ਦੇਣਾ। ਤੁਸੀਂ ਅਵਤਾਰੀ ਮਹਾਂਪੁਰਸ਼ ਹੋ, ਸਾਡਾ ਨਿਆਉਂ ਨਿਬੇੜੋ। ਗੁਰੂ ਸਾਹਿਬ ਨੇ ਫ਼ੁਰਮਾਇਆ ਕਿ ਇਕੋ ਨਿਆਉਂ ਨਿਬੇੜਨ ਦੀ ਹੈ। ਜੇ ਤੁਸਾਨੂੰ ਮੰਨਣੀ ਮਨਜ਼ੂਰ ਹੈ ਤਾਂ ਆਖਾਂ। ਭਲਾ ਜੀ ਭਲਾ । ਸਤਿਗੁਰੂ ਫ਼ੁਰਮਾਉਣ ਲਗੇ ਕਿ ਤੁਸੀਂ ਆਪਣੀ ਕਬਰ ਪੁਟ ਕੇ ਦੇਖੋ, ਜੇ ਤਾਂ ਉਸ ਕਬਰ ਵਿਚ ਇਹ ਹੈ ਨਹੀਂ, ਕਬਰ ਖ਼ਾਲੀ ਪਈ ਹੈ ਤਾਂ ਤੁਸੀਂ ਇਸ ਨੂੰ ਨਿਸ਼ੰਗ ਫੜ ਲਵੋ। ਪਰ ਜੇ ਮੋਈ ਹੋਈ ਲੋਥ ਉਹੀ ਇਸ ਕਬਰ ਵਿਚ ਪਈ ਹੈ ਤਾਂ ਇਸ ਨੂੰ ਛਡ ਦਿਓ। ਇਸ ਫੈਸਲੇ ਨੂੰ ਸੁਣ ਕੇ ਸਾਰੇ ਬਹੁਤ ਖੁਸ਼ ਹੋਏ। ਖੁਸ਼ੀ ਨਾਲ ਜਾਮਿਆਂ ਤੋਂ ਬਾਹਰ ਹੋ ਗਏ। ਕਬਰ ਪੁਟੀ ਤਾਂ ਕਬਰ ਵਿਚ ਸਾਮੀ ਹੀ ਉਸ ਦੀ ਲੋਥ ਪਈ ਸੀ। ਐਨ ਇਹੋ ਜਿਹੀ ਦੇਹੀ ਤੇ ਇਹੋ ਜਿਹੀ ਸੂਰਤ। ਪਰ ਫੈਸਲੇ ਅਨੁਸਾਰ ਕਿਸੇ ਦੀ ਕੁਛ ਪੇਸ਼ ਨਾ ਗਈ। ਰਾਜੇ ਦਾ ਖਹਿੜਾ ਛੁਟਿਆ। ਗੁਰੂ ਸਾਹਿਬ ਰਾਜੇ ਨੂੰ ਛੁਡਾਇ ਕੇ ਅਤੇ ਘੋੜੇ ਤੇ ਸਵਾਰ ਕਰਾਇ ਕੇ ਆਪਣੇ ਨਾਲ ਵਾਪਸ ਲੈ ਚਲੇ। ਰਾਹ ਵਿਚਿ ਜਾਂਦਿਆਂ ਰਾਜਾ ਸ਼ਰਮਾਇ ਦੇ ਪੁਛਦਾ ਹੈ, ਸਾਹਿਬ ਜੀਉ, ਇਹ ਕੀ ਕਉਤਕ ਸੀ ? ਸਤਿਗੁਰੂ ਫ਼ੁਰਮਾਉਣ ਲਗੇ ਕਿ ਇਹ ਤੇਰੀ ਉਸ ਸ਼ੰਕਾ ਦਾ ਉਤਰ ਸੀ ਜਿਸ ਕਰਕੇ ਤੂੰ ਅਸ਼ਰਧਕ ਹੋ ਚਲਿਆ ਸੀ। ਨਿਰਸੰਦੇਹ ਇਹ ਗੁਰਵਾਕ ਸੱਚ ਹੈ-

"ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ।" ਤੇਰੇ ਪੂਰਬਲੇ ਕਰਮਾਂ ਅਨੁਸਾਰ ਤੈਂ ਚੰਡਾਲਾਂ ਦੇ ਘਰ ਜੰਮ ਕੇ ਸਾਰਾ ਜਨਮ ਅਵੱਸ਼ ਬਿਤਾਉਣਾ ਸੀ। ਪ੍ਰੰਤੂ ਗੁਰੂ ਨਾਨਕ ਦੇ ਘਰ ਨੂੰ ਏਤਨੀ ਸਮਰੱਥਾ ਹੈ ਕਿ ਇਕ ਰਾਤ ਵਿਚਿ ਹੀ ਉਹ ਸਾਰਾ ਜਨਮ ਤੈਥੋਂ ਭਗਤਾਇ ਦਿਤਾ, ਜੋ ਤੈਂ ਸਾਰੀ ਉਮਰ ਹੀ ਚੰਡਾਲਾਂ ਦੇ ਘਰ ਭੁਗਤਣਾ ਸੀ। ਸੂਲੀ ਦੀ ਸਜ਼ਾ ਵਾਲੀ ਅਉਲੀ ਸੂਲ ਵਿਚ ਟਾਲ ਦਿਤੀ।

(ਚਲਦਾ)



www.AKJ.Org

# ਅਦਾਰਾ ਵਿਚਾਰ ਦਰਸ਼ਨ ਵਿਰਾਸਤ ਵੱਲੋਂ ਅਪੀਲ

ਭਾਈ ਰਣਧੀਰ ਸਿੰਘ ਟਰੱਸਟ , ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ, ਪੰਜਾਬ ਸਰਕਾਰ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਖੰਡ ਕੀਰਤਨੀ ਜੱਥਾ, ਗੁਰੂ ਗੋਬਿੰਦ ਸਿੰਘ ਸੱਟਡੀ ਸਰਕਲ, ਦਮਦਮੀ ਟਕਸਾਲ ਅਤੇ ਸਮੂੰਹ ਜੱਥੇਬਦੀਆਂ ਨੂੰ ਵਿਚਾਰ ਦਰਸ਼ਨ ਵਿਰਾਸਤ ਵਲੋਂ:

ਸਨ ੨੦੦੩ ਵਿੱਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਨਮ ਦੇ ੧੨੫ ਵਰ੍ਹੇ ਸੰਪੂਰਣ ਹੋਣ ਜਾ ਰਹੇ ਹਨ ਸਮੂਚੇ ਰੂਪ ਵਿੱਚ ਜੋ ਦੇਣ ਭਾਈ ਸਾਹਿਬ ਦੀ ਕੌਮ ਨੂੰ ਰਹੀ ਹੈ ਕੌਮ ਨੇ ਸਹੀ ਅਰਥਾਂ ਵਿੱਚ ਉਹਨਾਂ ਦੀ ਪ੍ਰਤਿਭਾ ਦੀ ਕਦਰ ਨਹੀਂ ਪਾਈ ਹੈ। ਉਹਨਾਂ ਦੀ ਵਿਲੱਖਣ ਸ਼ਖਸੀਅਤ ਨੂੰ ਵੱਧ ਤੋਂ ਵੱਧ ਪ੍ਰਚਾਰਤ ਕਰਨਾ ਸਾਡਾ ਫ਼ਰਜ਼ ਹੋਣਾ ਚਾਹੀਦਾ ਹੈ। ਪੰਥ ਰਤਨ ਭਾਈ ਰਣਧੀਰ ਸਿੰਘ ਜੀ ਦੀ ਸਦੀਵੀ ਯਾਦ ਕਾਇਮ ਰੱਖਣ ਲਈ ਤੇ ਆਉਣ ਵਾਲੀਆਂ ਪੀੜੀਆਂ ਤਕ ਭਾਈ ਸਾਹਿਬ ਦੀ ਉੱਚ ਜੀਵਨ ਸ਼ੈਲੀ ਤੇ ਗੁਰਮਤਿ ਫਿਲਾਸਫੀ ਪਹੁੰਚਾਉਣ ਲਈ ਹੇਠੰ ਲਿਖੇ ਕਾਰਜ ਕੀਤੇ ਜਾਣੇ ਚਾਹੀਦੇ ਹਨ ਜੋ ਵੀ ਸੰਸਥਾ ਇਹ ਕਾਰਜ਼ ਕਰੇਗੀ ਵਿਚਾਰ ਦਰਸ਼ਨ ਵਿਰਾਸਤ ਵਲੋਂ ਹਰ ਪ੍ਰਕਾਰ ਦਾ ਸਹਿਯੋਗ ਉਹਨਾਂ ਨੂੰ ਦਿੱਤਾ ਜਾਵੇਗਾ।

੧. ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀਆਂ ਪੁਸਤਕਾਂ ਐਮ. ਏ. (ਪੰਜਾਬੀ, ਧਰਮ ਤੇ ਸੰਗੀਤ) ਕਲਾਸ ਵਿੱਚ ਵਿਸ਼ੇ ਵਜੋਂ ਪੜਾਈਆਂ ਜਾਣ।
੨. ਭਾਈ ਸਾਹਿਬ ਦੀਆਂ ਪੁਸਤਕਾਂ ਦੇ ਦੇਸ਼ੀ ਵਿਦੇਸ਼ੀ ਭਾਸ਼ਾਵਾਂ ਦੇ ਅਨੁਵਾਦ ਛਾਪੇ ਜਾਣ।
੩. ਭਾਈ ਸਾਹਿਬ ਦੇ ਜੀਵਨ ਅਤੇ ਪੁਸਤਕਾਂ ਉਤੇ ਪੀ. ਐਚ. ਡੀ. ਕਰਨ ਵਾਲੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਪ੍ਰਦਾਨ ਕੀਤੀ ਜਾਵੇ।
੪. ਯੂਨੀਵਰਸਟੀਆਂ ਵਿੱਚ ਭਾਈ ਸਾਹਿਬ ਦੇ ਨਾਂ ਉਪਰ ਚੇਯਰ ਸਥਾਪਿਤ ਕੀਤੀ ਜਾਵੇ।
੫. ਭਾਈ ਸਾਹਿਬ ਦੀਆਂ ਪੁਸਤਕਾਂ ਅਤੇ ਜੀਵਨ ਸ਼ੈਲੀ ਉੱਤੇ ਵਿਚਾਰ ਗੋਸ਼ਟੀ /ਸੈਮੀਨਾਰ ਅਯੋਜਿਤ ਕੀਤੇ ਜਾਣ (ਇਸ ਸੰਦਰਭ ਵਿੱਚ ਵਿਚਾਰ ਦਰਸ਼ਨ ਵਿਰਾਸਤ ਕਾਰਜ ਯੋਜਨਾ ਤਿਆਰ ਕਰ ਰਿਹਾ ਹੈ)
੬. ਭਾਈ ਸਾਹਿਬ ਦੇ ਜੀਵਨ ਤੇ ਡਾਕੂਮੈਂਟਰੀ ਫਿਲਮਾਂ, ਟੀ. ਵੀ. ਸੀਰੀਅਲ ਬਣਾਏ ਜਾਣ।
੭. ਭਾਈ ਸਾਹਿਬ ਦੇ ਜੀਵਨ ਤੇ ਸਾਹਿਤ, ਆਡੀਓ, ਵੀਡੀਓ ਕੈਸਟਾਂ ਤਿਆਰ ਕੀਤੀਆਂ ਜਾਣ। ਮਲਟੀਮੀਡੀਆ ਅਤੇ ਇੰਟਰਨੇਟ ਤੇ ਵੀ ਵੱਧ ਤੋਂ ਵੱਧ ਜਾਣਕਾਰੀ ਉਪਲਬੱਧ ਕਰਾਈ ਜਾਏ।
੮. ੧੨੫ ਵਰ੍ਹੇ ਗੰਢ ਦੇ ਮੌਕੇ ਤੇ ਭਾਈ ਸਾਹਿਬ ਉਪਰ ਵਿਸ਼ੇਸ਼ ਡਾਕ-ਟਿਕਟ ਅਤੇ ਸਿੱਕਾ ਜਾਰੀ ਕੀਤਾ ਜਾਏ।
੯. ਭਾਈ ਸਾਹਿਬ ਰਚਿਤ ਪੁਸੱਤਕਾਂ ਦੇ ਵੱਧ ਤੋਂ ਵੱਧ ਸਾਹਿਤਕ ਅਧਿਐਨ/ਮੁਲਾਕਣ ਪ੍ਰਕਾਸ਼ਿਤ ਕੀਤੇ ਜਾਣ।
੧੦. ਦੇਸਾਂ/ ਵਿਦੇਸਾਂ ਵਿੱਚ ਬਣੇ ਸਿੱਖ ਅਜਾਇਬ ਘਰਾਂ ਵਿੱਚ ਭਾਈ ਸਾਹਿਬ ਦੇ ਚਿਤਰ ਲਗਾਏ ਜਾਣ,
੧੧. ਵਿਦਿਅਕ ਅਦਾਰੇ ਵੀ ਭਾ: ਸਾਹਿਬ ਦੇ ਨਾਂ ਤੇ ਹੋਣ।
੧੨. ਸਕੂਲਾਂ / ਕਾਲਜਾਂ ਤੇ ਹੋਰ ਸਾਰੀਆਂ ਲਾਇਬਰੇਰੀਆਂ ਵਿੱਚ ਭਾਈ ਸਾਹਿਬ ਦੇ ਜੀਵਨ ਸੰਬੰਧੀ ਪੁਸਤਕਾਂ ਰਖਾਈਆਂ ਜਾਣ।

ਸੰਪਰਕ ਕਰੋ :- ਵਿਚਾਰ ਦਰਸ਼ਨ ਵਿਰਾਸਤ 24, ਨਾਨਕ ਪੈਲੇਸ ਪਿਪਲੀਆ ਰਾਓ, ਇੰਦੌਰ (M.P.) 452001
Tel. 468740, 447618

# ਪਾਠਕਾਂ ਪ੍ਰਤੀ ਜ਼ਰੂਰੀ ਬੇਨਤੀ

ਜਿਨ੍ਹਾਂ ਪਾਠਕਾਂ ਦੇ ਚੰਦੇ ਅਕਤੂਬਰ ਜਾਂ ਨਵੰਬਰ ਵਿਚ ਖਤਮ ਹੁੰਦੇ ਹਨ ਅਤੇ ਉਹ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਸਮੇਂ ਨਵਿਆਉਂਦੇ ਹਨ। ਉਹ ਇਸ ਵਾਰੀ ਜ਼ਲੰਧਰ ਵਿਖੇ ਸਟਾਲ ਨਾ ਲਗ ਸਕਣ ਕਰਕੇ ਨਹੀਂ ਨਵਿਆ ਸਕੇ। ਉਹਨਾਂ ਪਾਠਕਾਂ ਪ੍ਰਤੀ ਬੇਨਤੀ ਹੈ ਕਿ ਜਨਵਰੀ ਤੱਕ ਉਹਨਾਂ ਦਾ ਸੂਰਾ ਬੰਦ ਨਹੀਂ ਕੀਤਾ ਜਾਏਗਾ ਉਹ ਆਪਣੇ ਚੰਦੇ ਲੁਧਿਆਣੇ ਵਿਖੇ ਪੋਹ ਸੁਦੀ ਸਪਤਮੀ ਦੇ ਸਮਾਗਮ ਜੋ ਇਸ ਬਾਰੀ 12 ਤੋਂ 15 ਜਨਵਰੀ ਤੱਕ ਹਰ ਸਾਲ ਦੀ ਤਰ੍ਹਾਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ ਰਚਾਏ ਜਾ ਰਹੇ ਹਨ ਤੇ ਜਮ੍ਹਾਂ ਕਰਵਾ ਦੇਣ ਜਾਂ ਆਪਣੇ ਨਜਦੀਕੀ ਸੇਵਾਦਾਰ ਪਾਸ ਪਹੁੰਚਾ ਦੇਣ। ਸੇਵਾਦਾਰਾਂ ਦੀ ਸੂਚੀ ਪੰਨਾ ੩੭ ਤੇ ਛੱਪੀ ਹੈ।


www.AKJ.Org

ਸੂਰਾ ਵਾਸਤੇ ਚੰਦੇ ਤੇ ਹੋਰ ਰਕਮਾਂ ਹੇਠ ਲਿਖੀਆਂ ਥਾਵਾਂ ਤੇ ਜਮ੍ਹਾਂ ਕਰਵਾ ਕੇ ਰਸੀਦ ਲਓ ਜੀ।

1. ਲੁਧਿਆਣਾ: (ੳ) ਮੁੱਖ ਦਫ਼ਤਰ ਸੂਰਾ, ਕੋਠੀ ਨੰ: 12, ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ।
(ਅ) ਸਬ-ਆਫਿਸ ਸੂਰਾ ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ। ਫੋਨ 428194
(ੲ) ਭਾਈ ਭੁਪਿੰਦਰ ਪਾਲ ਸਿੰਘ ਜੀ, ਪ੍ਰੀਤ ਸਿਲੈਕਸ਼ਨ, ਸ਼ਾਹਪੁਰ ਰੋਡ, ਨੇੜੇ ਸੁਭਾਨੀ ਬਿਲਡਿੰਗ, ਲੁਧਿਆਣਾ, ਫੋਨ 730604
(ਸ) ਸ੍ਰ: ਇਕਬਾਲ ਸਿੰਘ ਜੀ ਖਾਲਸਾ ਸ਼ਾਲਜ਼ ਮੋਚਪੁਰਾ ਬਜ਼ਾਰ, ਲੁਧਿਆਣਾ।

੨. ਫਗਵਾੜਾ: ਮਾਸਟਰ ਗੁਰਦਿਆਲ ਸਿੰਘ ਜੀ, ਵਿਸ਼ਵਕਰਮਾ ਕਲੋਨੀ, ਨੇੜੇ ਵਿਸ਼ਵਕਰਮਾ ਮੰਦਰ, ਬੰਗਾ ਰੋਡ, ਫਗਵਾੜਾ। ਟੈਲੀਫੋਨ 68607

3. ਚੰਡੀਗੜ੍ਹ, ਮੋਹਾਲੀ: ਭਾਈ ਫੌਜਿੰਦਰ ਸਿੰਘ ਜੀ 532/3-ਏ, ਮੋਹਾਲੀ। ਟੈਲੀਫੋਨ : 260569

4. ਕਪੂਰਥਲਾ: ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।

5. ਖਰੜ, ਮੋਰਿੰਡਾ: ਭਾਈ ਅਜੀਤ ਸਿੰਘ ਜੀ, ਮਕਾਨ ਨੰ: 214, ਵਾਰਡ ਨੰ: 4, ਚੰਡੀਗੜ੍ਹ ਰੋਡ, ਮੁੰਡੀ ਖਰੜ। ਟੈਲੀਫੋਨ : 01888-46036

੬. ਅੰਮ੍ਰਿਤਸਰ: 1. ਭਾਈ ਸਤਨਾਮ ਸਿੰਘ ਜੀ, ਪਿੰਡ ਚਾਚੋਵਾਲੀ; ਡਾਕਖਾਨਾ ਜੈਂਤੀਪੁਰਾ।
2. ਭਾਈ ਹਰਭਜਨ ਸਿੰਘ ਜੀ, 4969-ਅਜ਼ਾਦ ਨਗਰ, ਨੇੜੇ ਟਿਊਬਵੈਲ, ਤਾਰਾ ਸਿੰਘ ਕੋਟ ਖਾਲਸਾ, ਅੰਮ੍ਰਿਤਸਰ।
3. ਭਾਈ ਪਰਮਜੋਤ ਸਿੰਘ ਰੁਮਾਲੇ ਵਾਲੇ ਗੁਰੂ ਰਾਮ ਦਾਸ ਨਗਰ ਸੁਲਤਾਨਵਿੰਡ ਰੋਡ ਨੇੜੇ ਗ੍ਰਹਿ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਅੰਮ੍ਰਿਤਸਰ Tel .0183 -581509

7. ਯਮੁਨਾਨਗਰ: ਭਾਈ ਇਕਬਾਲ ਸਿੰਘ ਜੀ, 536-ਲੋਹਾਰਾ ਗਲੀ, ਜਗਾਧਰੀ।

8. ਫਿਰੋਜ਼ਪੁਰ: ਭਾਈ ਬਲਵਿੰਦਰ ਸਿੰਘ, ਹਾਤਾ ਨੰ: 48, ਬਜ਼ਾਰ ਨੰ: 1, ਫਿਰੋਜ਼ਪੁਰ ਛਾਉਣੀ।

੯. ਪਠਾਨਕੋਟ: ਸ੍ਰ: ਹਰਭਜਨ ਸਿੰਘ M.E.S. ਪਠਾਨਕੋਟ।

10. ਅੰਬਾਲਾ: 1. ਭਾਈ ਮਨੋਹਰ ਸਿੰਘ ਜੀ ਪਿੰਡ ਤੇ ਡਾਕਖਾਨਾ ਨਸਰਾਲੀ ਵਾਇਆ ਜਤਵਾੜ ਅੰਬਾਲਾ ਸ਼ਹਿਰ।
੨. ਭਾਈ ਭਗਵਾਨ ਸਿੰਘ ਵੈਦ 10 ਵੀਟਾ ਐਨਕਲੇਵ ਨੇੜੇ ਮਿਲਕ ਪਲਾਂਟ ਬਲਦੇਵ ਨਗਰ ਅੰਬਾਲਾ ਸ਼ਹਿਰ

11. ਬਠਿੰਡਾ: ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ 7819, ਨੇੜੇ ਡੰਗਰਾਂ ਦਾ ਹਸਪਤਾਲ। ਫੋਨ : 217743

1੨. ਧੂਰੀ: ਮਾਸਟਰ ਹਰਭਜਨ ਸਿੰਘ ਜੀ, ਜਨਤਾ ਨਗਰ, ਨੇੜੇ ਵੀਨਸ ਗੈਸ ਏਜੰਸੀ, ਧੂਰੀ।

13. ਸਰਹੰਦ: ਸ੍ਰ: ਰੁਪਿੰਦਰ ਸਿੰਘ ਜੀ, ਨੇੜੇ ਭਾਰਤ ਪੈਟਰੋਲੀਅਮ ਗੈਸ ਗੋਦਾਮ, ਸਿਨੇਮਾ ਰੋਡ, ਸਰਹੰਦ, ਜ਼ਿਲਾ ਫਤਹਿਗੜ੍ਹ ਸਾਹਿਬ, ਟੈਲੀਫੋਨ 01763-20760

14. ਪਾਉਂਟਾ ਸਾਹਿਬ: ਭਾਈ ਪਰਮਜੀਤ ਸਿੰਘ ਜੀ, ਗੁਰੂ ਰਾਖਾ ਇੰਟਰਪ੍ਰਾਈਜ਼ਿਜ਼, ਪਾਉਂਟਾ ਸਾਹਿਬ।

15. ਬਟਾਲਾ :- ਭਾਈ ਸੁਖਰਾਜ ਸਿੰਘ ਜੀ ਸਾਹਮਣੇ ਗੁਰੂ ਨਾਨਕ ਦੇਵ ਅਕੈਡਮੀ ਜਲੰਧਰ ਰੋਡ।ਟੈਲੀ :46566

16. ਦਿੱਲੀ :- ਗੁਰਪ੍ਰੀਤ ਸਿੰਘ 670 ਡਾਕਟਰ ਮੁਖਰਜੀ ਨਗਰ ਦਿੱਲੀ ਟੈਲੀ: 7654833

17. ਇੰਗਲੈਂਡ: ਭਾਈ ਹਰਦੀਪ ਸਿੰਘ ਜੀ, 218, Wexhan Road, Slough Berks SL2 5JP. Tel : 01753-530624

18. ਅਮਰੀਕਾ: ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ ਫੋਨ : 18007226212

1੯. ਕੈਨੇਡਾ: ਭਾਈ ਰਿਪੁਦਮਨ ਸਿੰਘ, ਮਲਿਕ ਸਿੰਘ, ਫੋਨ : 18006630224

੨0. ਆਸਟ੍ਰੇਲੀਆ: ਭਾਈ ਪਰਸ਼ੋਤਮ ਸਿੰਘ ਜੀ, ਫੋਨ : 0061-69634841

੨1. ਨਿਊਜ਼ੀਲੈਂਡ: ਭਾਈ ਮਹਿੰਦਰ ਸਿੰਘ ਜੀ, ਫੋਨ : 092702755



www.AKJ.Org

# ਰਿਸ਼ਤੇ ਨਾਤੇ

ਨੋਟ :–1. ਕੇਵਲ ਅੰਮ੍ਰਿਤਧਾਰੀ ਅਤੇ ਸ਼ਾਕਾਹਾਰੀ ਬੱਚਿਆਂ ਲਈ ਹੀ ਛਪਵਾਓ ਅਤੇ ਚਿੱਠੀ ਪੱਤਰ ਕਰੋ ਜੀ। ੨. ਕੇਵਲ ਕੇਸਕੀਧਾਰੀ ਬੀਬੀਆਂ ਵਾਸਤੇ ਹੀ ਛਪਵਾਓ ਅਤੇ ਚਿੱਠੀ ਪੱਤਰ ਕਰੋ। 3. ਇਸ਼ਤਿਹਾਰ ਛਪਵਾਉਣ ਲਈ ਬੱਚਿਆਂ ਅਤੇ ਆਪਣੇ ਬਾਰੇ ਪੂਰਾ ਵੇਰਵਾ ਸਪੱਸ਼ਟ ਲਿਖ ਕੇ ਸੂਰਾ ਦਫ਼ਤਰ ਭੇਜੋ ਜੀ। 4. ਛਪੇ ਇਸ਼ਤਿਹਾਰ ਦੇ ਜਵਾਬੀ ਪੱਤਰ ਨਾਲ ਇਕ 3 ਰੁ: ਦੀ ਟਿਕਟ ਲੱਗਿਆ ਬਗੈਰ ਕਿਸੇ ਐਡਰੈਸ ਤੋਂ Envelopoe ਨਾਲ ਭੇਜੋ ਜੀ।

LD-309 25 ਸਾਲਾ ਮੈਟ੍ਰਿਕ ਪਾਸ ਕੀਰਤਨੀਆ ਅਤੇ ਤੁਬਲਾ ਮਾਸਟਰ ਨੌਕਰੀ ਕਰਦੇ 5000/- ਮਾਸਿਕ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD-310 38 ਸਾਲਾ ਕੱਦ 5'3'' B.Com. ਪਾਸ ਦੁਹਾਜੂ ਚੰਗੀ ਕੰਪਨੀ ਵਿਚ ਪ੍ਰਾਈਵੇਟ ਨੌਕਰੀ ਕਰ ਰਹੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ। ਪਹਿਲੀ ਪਤਨੀ ਚੜ੍ਹਾਈ ਕਰ ਗਈ ਹੈ। ਕੋਈ ਬੱਚਾ ਨਹੀਂ। ਬਿਨਾਂ ਬੱਚੇ ਤੋਂ ਵਿਧਵਾ ਵੀ ਪ੍ਰਵਾਨ ਹੈ।

LD-311 30 ਸਾਲਾ ਕਾਮਰਸ ਗ੍ਰੈਜੂਏਟ ਅਤੇ ਕੰਪਿਊਟਰ ਕੋਰਸ ਪਾਸ 10 ਹਜ਼ਾਰ ਮਾਸਿਕ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD-312 24 ਸਾਲਾ ਕੱਦ 5'3'' ਮੈਟ੍ਰਿਕ ਪਾਸ ਸਿਲਾਈ ਕਢਾਈ ਜਾਣਦੀ ਬਿਬੇਕੀ ਪਹਿਰੇ ਵਾਲੀ ਘਰੇਲੂ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-313 24 ਸਾਲਾ, ਕੱਦ 5'4'' M. A. B. Ed. ਪ੍ਰਾਈਵੇਟ ਹਿੰਦੀ ਟੀਚਰ ੨000/- ਮਾਸਿਕ ਤਨਖਾਹ ਵਾਲੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-314 ੨5 ਸਾਲਾ ਬੀ. ਏ. ਪਾਸ ਜੋੜੀ ਅਤੇ ਹਰਮੋਨੀਯਮ ਵਜਾਉਣ ਵਿਚ ਮਾਹਿਰ ਟੀਚਰ 3000/- ਮਾਸਿਕ ਤਨਖਾਹ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD-315 28 ਸਾਲਾ ਕੱਦ 5'6'' ਗਿਆਰਵੀਂ ਪਾਸ ਆਪਣਾ ਕਾਰੋਬਾਰ 8000/- ਮਾਸਿਕ ਆਮਦਨ ਆਪਣੀ ਦੁਕਾਨ ਅਤੇ ਮਕਾਨ ਦੇ ਮਾਲਕ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD-316 ਸਾਢੇ 28 ਸਾਲਾ ਕੱਦ 5'੨'' ਬੀ.ਏ. ਭਾਗ ਪਹਿਲਾ ਪਾਸ ਅਤੇ B.E.M.S. ਡਾਕਟਰ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-317 ਸਾਢੇ ੨7 ਸਾਲਾ ਕੱਦ 5'3'' ਨਰਸਿੰਗ ਡਿਪਲੋਮਾ ਪਾਸ ਸਟਾਫ਼ ਨਰਸ ਮਾਸਿਕ ਤਨਖਾਹ 6700/- ਦੀ ਨੌਕਰੀ ਕਰ ਰਹੀ ਬੀਬੀ ਵਾਸਤੇ ਯੋਗ ਵਰ ਦੀ ਲੋੜ ਹੈ। ਅੰਮ੍ਰਿਤਸਰ ਗੁਰਦਾਸਪੁਰ ਬਟਾਲਾ ਇਲਾਕੇ ਦੇ ਪੱਕੀ ਨੌਕਰੀਸ਼ੁਦਾ ਜਾਂ ਆਪਣਾ ਚੰਗਾ ਕਾਰੋਬਾਰ ਵਾਲੇ ਪੜ੍ਹੇ ਲਿਖੇ ਵਰ ਨੂੰ ਪਹਿਲ।

LD-318 25 ਸਾਲਾ ਕੱਦ 5'3'' ਐਮ. ਏ. ਪੰਜਾਬੀ ਪਾਸ ਘਰੇਲੂ ਕੰਮ ਵਿਚ ਨਿਪੁੰਨ ਬੀਬੀ ਲਈ ਯੋਗ ਵਰ ਦੀ ਲੋੜ ਹੈ।

## ਰਸੀਦ ਬੁੱਕ ਗੁੰਮ

ਭਾਈ ਹਰਭਜਨ ਸਿੰਘ ਜੀ ਪਠਾਨਕੋਟ ਸੂਚਨਾ ਦਿੰਦੇ ਹਨ ਕਿ ਉਨ੍ਹਾਂ ਪਾਸੋਂ ਸੂਰਾ ਦੀ ਰਸੀਦ ਬੁੱਕ ਨੰਬਰ 03601 ਤੋਂ 03700 ਕਿਤੇ ਗੁੰਮ ਹੋ ਗਈ ਹੈ। ਜਿਸ ਕਿਸੇ ਸੱਜਣ ਨੂੰ ਮਿਲੇ ਉਹ ਭਾਈ ਹਰਭਜਨ ਸਿੰਘ ਚੀਫ਼ ਇੰਜੀਨੀਅਰ M.E.S. ਪਠਾਨਕੋਟ ਜਾਂ ਸੂਰਾ ਸਟਾਲ ਤੇ ਪਹੁੰਚਾਉਣ ਦੀ ਖੇਚਲ ਕਰੇ ਜੀ। ਚੰਦੇ ਜਾਂ ਹੋਰ ਰਕਮਾਂ ਜਮ੍ਹਾਂ ਕਰਵਾਉਣ ਵਾਲੇ ਕ੍ਰਿਪਾ ਕਰਕੇ ਉਪਰ ਲਿਖੇ ਨੰਬਰ ਦੀ ਰਸੀਦ ਤੇ ਮਾਇਆ ਨਾ ਦਿਉ ਜੀ।

ਧੰਨਵਾਦ ਸਹਿਤ ਸੰਪਾਦਕ

ਜ਼ਰੂਰੀ ਨੋਟ : *ਸੂਰਾ ਵਿੱਚ ਛਪੇ ਸੇਵਾਦਾਰਾਂ ਤੋਂ ਇਲਾਵਾ ਸੂਰਾ ਵਾਸਤੇ ਕੋਈ ਵੀ ਮਾਇਆ ਕੇਵਲ ਸੂਰਾ ਲੁਧਿਆਣਾ ਦੇ ਦਫ਼ਤਰ ਵਿਚ ਹੀ ਭੇਜੋ ਜੀ। ੨. ਸੂਰਾ ਵਾਸਤੇ ਚੈਕ, ਡਰਾਫਟ ਆਦਿ ਕੇਵਲ ਸੂਰਾ ਮੰਥਲੀ ਲੁਧਿਆਣਾ ਦੇ ਨਾਮ ਹੀ ਭੇਜੋ ਜੀ। 3. ਬਾਕੀ ਸ਼ਹਰਿਾਂ ਵਿਚੋਂ ਸੂਰਾ ਦੀ ਸੇਵਾ ਕਰਨ ਦੇ ਚਾਹਵਾਨ ਸੱਜਣ ਸੂਰਾ ਦਫ਼ਤਰ ਨਾਲ ਜਲਦੀ ਸੰਪਰਕ ਕਰੋ ਜੀ ਤਾਂ ਕਿ ਉਹਨਾਂ ਦੇ ਨਾਮ ਵੀ ਆਉਂਦੇ ਪਰਚੇ ਵਿਚ ਛਾਪੇ ਜਾ ਸਕਣ।*

ਦਾਸਰਾ - ਸੰਪਾਦਕ



www.AKJ.Org

ਪਿਛਲੇ ਦਿਨੀ ਵਿਛੋੜਾ ਦੇ ਗਈ ਗੁਰਮੁਖੀ ਰੂਹ

## ਗੁਰੂ ਸਵਾਰੇ ਭਾਈ ਰਾਜਿੰਦਰ ਸਿੰਘ ਜੀ (ਸਾਬਨ ਵਾਲੇ) ਖੰਨਾ



ਗੁਰਮੁਖ ਪਿਆਰੀ ਰੂਹ ਭਾਈ ਰਾਜਿੰਦਰ ਸਿੰਘ ਜੀ 18 ਨਵੰਬਰ ਨੂੰ ਅਕਾਲ ਪੁਰਖ ਦੇ ਸਦੇ ਆਉਣ ਤੇ ਗੁਰਪੁਰੀ ਸਿਧਾਰ ਗਏ ਆਪ ਜੀ ਨੇ ਆਪਣਾ ਸਾਰਾ ਜੀਵਨ ਗੁਰਬਾਣੀ ਦੀ ਓਟ ਆਸਰਾ ਲੈ ਕੇ ਬਤੀਤ ਕਿਤਾ ਤੇ ਹਰ ਪਲ ਕਲਜੁਗ ਦੇ ਝੱਖੜਾਂ ਦੂਈ ਦਵੈਤ ਵੈਰ-ਵਿਰੋਧ ਤੋਂ ਨਿਰਲੇਪ ਰਹਿ ਕੇ ਮਾਲਕ ਦੀ ਬੰਦਗੀ ਵਿਚ ਗੁਜ਼ਾਰ ਕੇ ਸਫਲਾ ਕੀਤਾ। ਖੰਨੇ ਸ਼ਹਿਰ ਵਿਚ ਜੱਥੇ ਤੋਂ ਇਲਾਵਾ ਹੋਰ ਵੀ ਬਹੁਤ ਸੰਗਤਾਂ ਵਿਚ ਆਪ ਜੀ ਨੂੰ ਕਿੰਨਾ ਸਤਿਕਾਰਿਆ ਜਾਂਦਾ ਸੀ. ਆਪ ਜੀ ਦੇ ਅੰਤਮ ਸੰਸਕਾਰ ਅਤੇ ਭੋਗ ਸਮੇਂ ਆਪ ਮੁਹਾਰੇ ਜੁੜਿਆ ਸੰਗਤਾਂ ਦਾ ਵਿਸ਼ਾਲ ਇੱਕਠ ਇਸ ਗੱਲ ਦਾ ਸਬੂਤ ਹੈ। ਆਪ ਜੀ ਵੱਲੋਂ ਨਗਰ ਨਿਵਾਸੀਆਂ ਅਤੇ ਜੱਥੇ ਦੇ ਸਿੰਘਾਂ ਵਾਸਤੇ ਲਿਖੇ ਗਏ ਦੋ ਸੰਦੇਸ਼ ਜੋ ਆਪ ਜੀ ਦੇ ਚਲਾਣੇ ਤੋਂ ਬਾਅਦ ਆਪ ਜੀ ਦੀ ਜੇਬ ਵਿਚੋਂ ਮਿਲੇ ਹਨ ਇਸ ਗੱਲ ਦਾ ਸੂਚਕ ਹਨ ਕਿ ਸਾਰਾ ਜੀਵਨ ਨਾਮ ਬਾਣੀ ਦੇ ਆਸਰੇ ਗੁਰਸਿੱਖੀ ਰਹਿਤ ਵਿਚ ਪਰੱਪਕ ਰਹਿਣ ਸਦਕਾ ਆਪ ਜੀ ਨੂੰ ਆਪਣੇ ਚਲਾਣੇ ਦੀ ਸੋਝੀ ਹੋ ਚੁੱਕੀ ਸੀ। ਆਪਣੇ ਸੰਦੇਸ਼ਾਂ ਵਿਚ ਆਪ ਜੀ ਨੇ ਜਿੱਥੇ ਗੁਰਮੁਖ ਪਿਆਰਿਆਂ ਨਾਲ ਬਿਤਾਏ ਹੋਏ ਪਲਾਂ ਨੂੰ ਯਾਦ ਕੀਤਾ ਹੈ ਉਥੇ ਸੰਸਾਰ ਵਿਚ ਵਿਚਰਦਿਆਂ ਕੋਲੋਂ ਹੋਈ ਕੋਈ ਭੁੱਲ ਚੁੱਕ ਵਾਸੌਤੇ ਨਿਮਰਤਾ ਸਹਿਤ ਖਿਮਾ ਜਾਚਨਾ ਕੀਤੀ ਹੈ। ਅੰਤ ਸਮੇਂ ਵੀ ਆਪ ਜੀ ਨੇ ਗੁਰਬਾਣੀ ਦੇ ਮਹਾਂਵਾਕ "ਅੰਤਕਾਲਿ ਨਾਰਾਇਣ ਸਿਮਰੈ" ਨੂੰ ਪੂਰਾ ਕਰਦਿਆਂ ਹੋਇਆਂ ਅੰਮ੍ਰਿਤ ਵੇਲੇ ਦੀ ਸੰਭਾਲ ਤੋਂ ਬਾਅਦ ਪ੍ਰਭਾਤ ਫੇਰੀ ਦੀਆਂ ਸੰਗਤਾਂ ਦੇ ਦਰਸ਼ਨ ਕਰਕੇ ਸਹਿਜ ਸੁਭਾਏ ਹੀ ਚੋਲਾ ਛੱਡ ਗਏ। ਗੁਰੂ ਪਾਤਸ਼ਾਹ ਮੇਹਰ ਕਰਨ ਅਸਾਨੂੰ ਵੀ ਅਜਿਹੇ ਗੁਰਸਿੱਖਾਂ ਦੇ ਜੀਵਨ ਵਿਚੋਂ ਪ੍ਰੇਰਨਾ ਲੈ ਕੇ ਸੱਚੇ ਮਾਰਗ ਤੇ ਚਲਣ ਦੀ ਬਲ ਬੁੱਧੀ ਤੇ ਵੱਡੇ ਭਾਗ ਬਖਸ਼ਣ।

## ਆਉਣ ਵਾਲੇ ਕੀਰਤਨ ਸਮਾਗਮ

ਮਾਸਿਕ ਰੈਣਿ ਸਬਾਈ ਕੀਰਤਨ ਗੁ: ਸਾਹਿਬ ਪਿੰਡ ਸਿਧਵਾਂ ਖੁਰਦ ਕਾਲਜ ਵਾਲਾ ਲੁਧਿਆਣਾ ਵਿਖੇ 11 ਦਸੰਬਰ ਰਾਤ ਨੂੰ

ਮਲੋਟ ਮੰਡੀ ਗੁ: ਸ੍ਰੀ ਗੁਰੂ ਸਿੰਘ ਸਭਾ ਵਿਖੇ ਰੈਣਿ ਸਬਾਈ ਕੀਰਤਨ 11 ਦਸੰਬਰ ਰਾਤ ਨੂੰ

ਪਟਨਾ ਸਾਹਿਬ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ 11 ਤੋਂ 14 ਦਸੰਬਰ

11 ਦਸੰਬਰ ਸ਼ਾਮ ਤੋਂ 13 ਦਸੰਬਰ ਦੁਪਹਿਰ ਤੱਕ ਸਵੇਰ ਅਤੇ ਸ਼ਾਮ ਦੇ ਕੀਰਤਨ ਸਮਾਗਮ ਤਖਤ ਸਾਹਿਬ ਵਿਖੇ।
13 ਦਸੰਬਰ ਸ਼ਾਮ ਨੂੰ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਆਰੰਭ ਗੁ: ਬਾਲ ਲੀਲਾ ਵਿਖੇ।

ਪਿੰਡ ਟਾਹਲੀ (ਜ਼ਿਲਾ ਹੁਸ਼ਿਆਰਪੁਰ) ਵਿਖੇ ਸ਼ਹੀਦੀ ਪੁਰਬ ਤੇ ਰੈਣਿ ਸਬਾਈ ਕੀਰਤਨ

ਭਾਈ ਗੁਲਜ਼ਾਰ ਸਿੰਘ ਖਾਲਸਾ ਦੇ ਗ੍ਰਹਿ 18 ਦਸੰਬਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ।

ਪਟਿਆਲਾ ਵਿਖੇ ਪੰਚਮੀ ਦੇ ਮਾਸਿਕ ਰੈਣਿ ਸਬਾਈ ਕੀਰਤਨ 12 ਦਸੰਬਰ ਰਾਤ ਨੂੰ ਗੁ:ਦੂਖ ਨਿਵਾਰਨ ਸਾਹਿਬ ਵਿਖੇ।

ਗੁ: ਬਿਬੇਕਸਰ ਸਾਹਿਬ ਅੰਮ੍ਰਿਤਸਰ ਵਿਖੇ ਮਾਸਿਕ ਰੈਣਿ ਸਬਾਈ ਕੀਰਤਨ 25 ਦਸੰਬਰ ਰਾਤ ਨੂੰ

ਪਠਾਨਕੋਟ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

25 ਦਸੰਬਰ 1999 ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ਦੁਪਹਿਰ ਤੱਕ ਅਤੇ ਸ਼ਾਮ ਨੂੰ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਗੁ: ਮੀਰਪੁਰ ਕਲੋਨੀ ਮਾਡਲ ਟਾਊਨ ਪਠਾਨਕੋਟ ਵਿਖੇ ਹੋਣਗੇ। ਪੁੱਛਗਿੱਛ :- ਭਾਈ ਹਰਭਜਨ ਸਿੰਘ, ਖਾਲਸਾ M.E.S. ਪਠਾਨਕੋਟ C/oTel. 22730

ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਜੋੜ ਮੇਲੇ ਤੇ ਰੈਣਿ ਸਬਾਈ ਕੀਰਤਨ

ਗੁ: ਜੋਤੀ ਸਰੂਪ ਜ਼ਿਲਾ ਫਤਹਿਗੜ੍ਹ ਸਾਹਿਬ ਵਿਖੇ 27 ਦਸੰਬਰ (12ਪੋਹ) ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ।

---

## ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਗੁਪਤ- | ੫੦੦/- | ਜਲਮਾਨ ਸਿੰਘ ਯੂ. ਕੇ. | ੧੫ ਪੌਂਡ |
| ਗੁਪਤ- | ੨੦/- | ਜਗਤਾਰ ਸਿੰਘ ਯੂ. ਕੇ. | ੨੦ ਪੌਂਡ |
| ਸ੍ਰ:ਕਵਲਜੀਤ ਸਿੰਘ ਅੰਮ੍ਰਿਤਸਰ- | ੧੦੦/- | ਮੋਹਨ ਸਿੰਘ ਸੰਗਰੂਰ | ੫੦ ਰੁਪਏ |



www.AKJ.Org

## ਦਸਮ ਪਾਤਸ਼ਾਹ ਦੇ ਆਗਮਨ ਪੁਰਬ ਤੇ ਸਾਲਾਨਾ ਅਖੰਡ ਕੀਰਤਨ ਸਮਾਗਮ ਲੁਧਿਆਣਾ ਵਿਖੇ

ਹਰ ਸਾਲ ਦੀ ਤਰ੍ਹਾਂ ਸਮੂਹ ਅਖੰਡ ਕੀਰਤਨੀ ਜੱਥਿਆਂ ਵੱਲੋਂ ਦਸਮ ਪਾਤਸ਼ਾਹ ਦੇ ਆਗਮਨ ਪੁਰਬ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਵਿਖੇ ਹੇਠਾਂ ਦਿੱਤੇ ਵੇਰਵੇ ਅਨੁਸਾਰ ਮਨਾਏ ਜਾ ਰਹੇ ਹਨ। ਸਮੂਹ ਸੰਗਤਾਂ ਨੂੰ ਜੋਦੜੀ ਹੈ ਕਿ ਪੁਰਾਤਨ ਕੀਰਤਨ ਸਮਾਗਮਾਂ ਵਾਲੇ ਨਜ਼ਾਰੇ ਬੰਨ੍ਹਣ, ਹਰਿ ਜਸ ਦੀਆਂ ਘੁੰਮਰਾਂ ਪਾਉਣ ਤੇ ਲਾਹੇ ਭੁੰਚਣ ਲਈ ਹੁਮ ਹੁਮਾ ਕੇ ਦਰਸ਼ਨ ਦੀਦਾਰੇ ਬਖਸ਼ ਕੇ ਦਾਸਰਿਆਂ ਨੂੰ ਨਿਵਾਜੋ ਜੀ।

11 ਜਨਵਰੀ ੨000 ਮੰਗਲਵਾਰ ਸ਼ਾਮ 6 ਤੋਂ 8.30 ਅਖੰਡ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ।

1੨ ਜਨਵਰੀ ੨000 ਬੁਧਵਾਰ ਸਵੇਰੇ 4 ਤੋਂ 7 ਸ੍ਰੀ ਆਸਾ ਦੀ ਵਾਰ ਉਪ੍ਰੰਤ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ ਹੀ।

ਸ਼ਾਮ 6 ਤੋਂ 8.30 ਕੀਰਤਨ ਮਾਡਲ ਟਾਊਨ ਗੁ: ਸਾਹਿਬ ਦੇ ਸਾਹਮਣੇ ਕਾਲਜ ਗਰਾਊਂਡ ਵਿਖੇ।

13 ਜਨਵਰੀ ਵੀਰਵਾਰ ਸਵੇਰੇ 5 ਵਜੇ ਤੋਂ ਦੁਪਹਿਰ 1 ਵਜੇ ਤੱਕ ਸ੍ਰੀ ਆਸਾ ਦੀ ਵਾਰ ਅਤੇ ਅਖੰਡ ਕੀਰਤਨ ਸਮਾਗਮ ਗੁ: ਦੁਖ ਨਿਵਾਰਨ ਸਾਹਿਬ ਫੀਲਡ ਗੰਜ ਨੇੜੇ ਜਗਰਾਉਂ ਪੁਲ ਲੁਧਿਆਣਾ ਵਿਖੇ।

ਸ਼ਾਮ 6 ਤੋਂ 8.30 ਅਖੰਡ ਕੀਰਤਨ ਮਾਡਲ ਟਾਊਨ ਗੁ: ਸਾਹਿਬ ਦੇ ਸਾਹਮਣੇ ਕਾਲਜ ਗਰਾਉਂਡ ਵਿਖੇ।

14 ਜਨਵਰੀ ਸ਼ੁਕਰਵਾਰ ਸਵੇਰੇ 5 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਗੁ: ਮਾਡਲ ਟਾਊਨ ਵਿਖੇ ਉਪ੍ਰੰਤ ਅਖੰਡ ਕੀਰਤਨ ਸਮਾਗਮ ਬਾਅਦ ਦੁਪਹਿਰ ਤੱਕ ਕਾਲਜ ਗਰਾਉਂਡ ਵਿਖੇ।

ਸ਼ਾਮ 6 ਵਜੇ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ ਕਾਲਜ ਗਰਾਉਂਡ ਵਿਖੇ।

ਅੰਮ੍ਰਿਤ ਸੰਚਾਰ :- 14 ਜਨਵਰੀ ਸ਼ੁਕਰਵਾਰ ਸ਼ਾਮ ਨੂੰ 6 ਵਜੇ ਗੁ: ਸਾਹਿਬ ਦੀ ਡਿਉਡੀ ਦੇ ਉਪਰਲੇ ਹਾਲ ਵਿਚ ਅੰਮ੍ਰਿਤ ਸੰਚਾਰ ਸਮਾਗਮ ਆਰੰਭ ਹੋਣਗੇ। ਅਭਿਲਾਖੀ ਸੱਜਣ ਤਿਆਰ ਬਰ ਤਿਆਰ ਹੋ ਕੇ ਸਮੇਂ ਸਿਰ ਪਹੁੰਚਣ।

ਰਿਹਾਇਸ਼ ਤੇ ਲੰਗਰ :- ਬਾਹਰੋਂ ਆਈਆਂ ਸੰਗਤਾਂ ਦੀ ਰਿਹਾਇਸ਼ ਤੇ ਲੰਗਰ ਦਾ ਸਾਰਾ ਇੰਤਜ਼ਾਮ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ ਹੀ ਹੋਵੇਗਾ। ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ।

ਨੋਟ :-1. ਪੰਥਕ ਫੈਸਲੇ ਅਨੁਸਾਰ ਗੁਰਪੁਰਬ 14 ਜਨਵਰੀ ਨੂੰ ਹੈ ਜੇਕਰ ਇਸ ਤੋਂ ਪਹਿਲਾਂ ਪੰਥਕ ਫੈਸਲੇ ਵਿਚ ਕੋਈ ਤਬਦੀਲੀ ਹੋ ਜਾਂਦੀ ਹੈ ਤਾਂ ਉਪਰੋਕਤ ਸਮਾਗਮਾਂ ਦੀ ਤਰੀਕਾਂ ਵੀ ਉਸ ਅਨੁਸਾਰ ਹੀ ਬਦਲੀਆਂ ਜਾਣਗੀਆਂ।

੨. 13 ਜਨਵਰੀ ਸਵੇਰ ਦੇ ਸਮਾਗਮ ਲਈ ਸੰਗਤਾਂ ਨੂੰ ਲਿਜਾਣ ਅਤੇ ਲਿਆਉਣ ਦਾ ਪ੍ਰਬੰਧ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ ਕੀਤਾ ਜਾਵੇਗਾ।

3. ਸਮੂਹ ਸੰਗਤਾਂ ਕਮਰਿਆਂ ਵਿਚ ਜਾਂ ਇਧਰ ਉਧਰ ਟੋਲੀਆਂ ਬਣਾ ਕੇ ਆਪਸੀ ਮੀਟਿੰਗ ਕਰਨ ਤੋਂ ਗੁਰੇਜ਼ ਕਰ ਕੇ ਆਪਣਾ ਸਾਰਾ ਸਮਾਂ ਹਰਿ ਜਸ ਕੀਰਤਨ ਅਤੇ ਸ੍ਰੀ ਅਖੰਡ ਪਾਠ ਸਾਹਿਬ ਦੀਆਂ ਹਾਜ਼ਰੀਆਂ ਭਰਨ ਦੀ ਕ੍ਰਿਪਾ ਕਰਨੀ ਜੀ।

4. ਸਮੂਹ ਪਾਠੀ ਅਤੇ ਕੀਰਤਨੀਏ ਵੀਰ ਭੈਣਾਂ ਸਮੇਂ ਸਿਰ ਪਹੁੰਚ ਕੇ ਆਪਣੇ ਆਉਣ ਦੀ ਸੂਚਨਾ ਪ੍ਰਬੰਧਕਾਂ ਨੂੰ ਦੇਣੀ ਤਾਂ ਕਿ ਉਹਨਾਂ ਪਾਸੋਂ ਯੋਗ ਸੇਵਾ ਲਈ ਜਾ ਸਕੇ।

5. ਕੀਰਤਨੀਏ ਵੀਰ ਭੈਣਾਂ ਪ੍ਰਤੀ ਜੋਦੜੀ ਹੈ ਕਿ ਉਹ ਸਾਰਾ ਸਮਾਂ ਕੀਰਤਨ ਸਟੇਜ ਤੇ ਹਾਜ਼ਰ ਰਹਿਣ ਤਾਂ ਕਿ ਉਹਨਾ ਪਾਸੋਂ ਕਿਸੇ ਸਮੇਂ ਵੀ ਸੇਵਾ ਲਈ ਜਾ ਸਕੇ।

6. ਜੱਥਿਆਂ ਦੇ ਰੂਪ ਵਿਚ ਬਾਹਰੋਂ ਆਉਣ ਵਾਲੀਆਂ ਸੰਗਤਾਂ ਪਹਿਲਾਂ ਸੂਚਨਾ ਭੇਜ ਦਿਉ ਜੀ ਤਾਂ ਕਿ ਰਿਹਾਇਸ਼ ਦਾ ਯੋਗ ਇੰਤਜ਼ਾਮ ਕੀਤਾ ਜਾ ਕੇ।

ਪੁੱਛਗਿਛ :- ਸੂਰਾ ਮਾਸਿਕ ਪੱਤਰ ਟੈਲੀਫੋਨ 4੨8194 /੨ ਭਾਈ ਹਰਬੰਸ ਸਿੰਘ ਜੀ ਟੈਲੀਫੋਨ 430865

**ਦਾਸਰੇ :- ਸਮੂਹ ਸਾਧ ਸੰਗਤ ਲੁਧਿਆਣਾ ਅਤੇ ਸਮੂਹ ਅਖੰਡ ਕੀਰਤਨੀ ਜੱਥਾ।**


www.AKJ.Org

# ਗੁਰਦੁਆਰਾ ਗੜ੍ਹੀ ਚਮਕੌਰ ਸਾਹਿਬ



ਇਥੇ ਦਸਮ-ਪਾਤਸ਼ਾਹ ਨੇ ਚਾਲੀ ਸਿੰਘਾਂ ਸਮੇਤ ਲੱਖਾਂ ਦੀ ਗਿਣਤੀ ਵਿਚ ਮੁਗ਼ਲ ਫ਼ੌਜਾਂ ਦਾ ਟਾਕਰਾ ਕਰਕੇ ਜਿਥੇ 'ਸਵਾ ਲਾਖ ਸੇ ਏਕ ਲੜਾਊ' ਦੇ ਵਾਕ ਨੂੰ ਸਿੱਧ ਕਰਕੇ ਦਿਖਾਇਆ ਉਥੇ ਆਪਣੇ ਜਿਗਰ ਦੇ ਟੋਟੇ, ਲਾਡਲੇ ਵੱਡੇ ਸਾਹਿਬਜ਼ਾਦਿਆਂ ਨੂੰ ਜੰਗ ਵਿਚ ਭੇਜ ਕੇ ਇੱਕ ਅਦੁੱਤੀ ਮਿਸਾਲ ਕਾਇਮ ਕੀਤੀ। ਇਸੇ ਅਸਥਾਨ ਤੇ ਰਣਭੂਮੀ ਵਿਚ ਦੁਸ਼ਮਣਾਂ ਦਾ ਮੁਕਾਬਲਾ ਕਰਦਿਆਂ ਵੱਡੇ ਸਾਹਿਬਜ਼ਾਦਿਆਂ ਨੇ ਜਾਮ-ਏ-ਸ਼ਹਾਦਤ ਪੀਤਾ।

www.AKJ.Org

## ਨਿੱਕੀਆਂ ਜਿੰਦਾਂ ਵੱਡਾ ਸਾਕਾ—ਗੁਰਦੁਆਰਾ ਫਤਹਿਗੜ੍ਹ ਸਾਹਿਬ, ਸਰਹੰਦ



ਇਥੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਧਰਮ ਨਾ ਛੱਡਣ ਕਰਕੇ ਜਿਉਂਦੇ ਜੀਅ ਨੀਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ। ਸਿੱਖੀ ਰਹਿਤ ਤੋਂ ਆਕੀ ਹੋ ਰਹੇ ਅਜੋਕੇ ਸਿੱਖਾਂ ਲਈ ਇਹ ਅਦੁੱਤੀ ਸਾਕਾ ਅੱਜ ਵੀ ਇੱਕ ਵੰਗਾਰ ਹੈ।



www.AKJ.Org